1920 ਤੋਂ

ਜਿਲਦ 104
ਨੰਬਰ 12

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧ ਤੋਂ ੧੫ ਸਾਵਣ ੨੦੮੧ ਬਿ.
16 to 30 July 2024

# ਸਤਿਜੁਗ



10/-

# ਨਿਰਮਲ ਪੰਥ ਦੇ ਪਾਠ ਬੋਧ ਸਮਾਗਮ

# ਪਿੰਡ ਸਮਰਾਏ ਜਲੰਧਰ ਵਿਖੇ ਸੰਤ ਨਿਸ਼ਾਨ ਸਿੰਘ ਜੀ ਕਥਾ ਕਰਦੇ ਹੋਏ।

20 ਜੂਨ 2024




ਨਿਰਮਲ ਪੰਚਾਇਤੀ ਅਖਾੜੇ ਦੇ
ਮੁਖੀ ਸੰਤ ਗਿਆਨ ਦੇਵ ਸਿੰਘ , ਕੁਠਾਰੀ ਸੰਤ ਜਸਵਿੰਦਰ ਸਿੰਘ, ਸੰਤ ਦਰਸ਼ਨ ਸਿੰਘ ਸ਼ਾਸਤਰੀ
ਅਤੇ ਹੋਰ ਨਿਰਮਲ ਭੇਖ ਦੇ ਵਿਦਵਾਨਾਂ ਨਾਲ ਸੰਤ ਨਿਸ਼ਾਨ ਸਿੰਘ ਜੀ ਅਤੇ ਸਾਥੀ ਨਜ਼ਰ ਆ ਰਹੇ ਹਨ।



# ਸਤਿਜੁਗ


੧ ਤੋਂ ੧੫ ਸਾਵਣ ੨੦੮੧ ਬਿ.
16 ਤੋਂ 30 ਜੁਲਾਈ 2024 ਈ.
ਜਿਲਦ 104, ਨੰਬਰ 12



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ,
ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ,
ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....................4
* ਗੁਰਬਾਣੀ ਵਿਆਖਿਆ....................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ....................8
* ਨਾਮਧਾਰੀ ਕਵੀਸ਼ਰੀ ਕਾਵਿ
  ਸਵਰਨ ਸਿੰਘ ਸਨੇਹੀ....................10
* ਮਹਾਰਾਣੀ ਜਿੰਦ ਕੌਰ
  ਸੁਖਦਿਆਲ ਸਿੰਘ....................18
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....................30
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....................33
* **A Child Needs No Instruction Manual**
  **Sadhguru Jaggi Vasudev....................36**
* **Why do almost all Billionaires wake up early? The answer is Circadian Rhythms!**
  **Harneet Singh Kharbanda....................37**
* ਕਾਵਿ-ਕਿਆਰੀ....................39
* ਖ਼ਬਰਨਾਮਾ....................40
* **Matrimonial....................42**



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


## ਸੰਪਾਦਕੀ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਵਤਾਰ ਪੰਜ ਸਾਉਣ 2015 ਬਿ. ਮੁਤਾਬਿਕ 20 ਜੁਲਾਈ 1958 ਈ. ਨੂੰ ਪਿਤਾ ਮਹਾਰਾਜ ਬੀਰ ਸਿੰਘ ਜੀ, ਮਾਤਾ ਦਲੀਪ ਕੌਰ ਜੀ ਦੀ ਕੁੱਖ ਤੋਂ ਸ੍ਰੀ ਭੈਣੀ ਸਾਹਿਬ ਹੋਇਆ। ਅਵਤਾਰ ਸਮੇਂ ਮਹੰਤ ਸੇਵਾ ਸਿੰਘ ਜੀ ਸੁਧਾਰੀ ਮਾਜਰੇ ਵਾਲਿਆਂ ਭਜਨ ਦਿੱਤਾ। ਇਹ ਸਮਾਂ ਨਾਮਧਾਰੀ ਪੰਥ 'ਤੇ ਸੰਕਟ ਭਰਿਆ ਸਮਾਂ ਸੀ। ਮਹਾਰਾਜ ਬੀਰ ਸਿੰਘ ਜੀ ਨੂੰ ਘਸੀਟਾ ਸਿੰਘ ਦੇ ਕਤਲ ਕੇਸ ਵਿੱਚ ਵਿਰੋਧੀਆਂ ਵਲੋਂ ਫਸਾਇਆ ਜਾ ਰਿਹਾ ਸੀ। ਸਰਕਾਰ ਕੁਦ੍ਰਿਸ਼ਟੀ ਨਾਲ ਨਾਮਧਾਰੀਆਂ ਵੱਲ ਵੇਖ ਰਹੀ ਸੀ। ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਕੇਸ ਦੀ ਪੈਰਵਾਈ ਕਰਦੇ ਹੋਏ ਲਗਾਤਾਰ ਦਿੱਲੀ ਅਤੇ ਸਰਸੇ ਦੇ ਚੱਕਰ ਲਾ ਰਹੇ ਸੀ। ਇਸ ਝੂਠੇ ਕੇਸ ਵਿੱਚ ਮਹਾਰਾਜ ਜੀ ਤਕਰੀਬਨ ਅੱਠ ਮਹੀਨੇ ਜੇਲ੍ਹ ਵਿੱਚ ਰਹੇ। ਸਰਕਾਰ ਹਰ ਵਧੀਕੀ ਨਾਮਧਾਰੀ ਪੰਥ ਨਾਲ ਕਰ ਰਹੀ ਸੀ। ਵਿਰੋਧੀਆਂ ਦੀ ਪਹਿਲੀ ਚਾਲ ਬੇਅਸਰ ਹੋਈ ਤਾਂ ਹੋਰ ਤਰੀਕੇ ਲੱਭਣ ਲੱਗੇ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਅਵਤਾਰ ਤੋਂ ਕੁਝ

ਸਮਾਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਕ ਜੋਤਸ਼ੀ ਨੇ ਕਿਹਾ ਜੋ ਬਾਲਕ ਹੁਣ ਜਨਮਿਆਂ ਹੈ ਇਹ ਬਹੁਤ ਜ਼ੋਰਾਵਰ ਹੈ। ਆਪ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਖੁਸ਼ੀਆਂ ਰਹੀਆਂ। ਜਿਸ ਕਾਰਜ ਵਾਸਤੇ ਆਪ ਨੂੰ ਨਿਯੁਕਤ ਕੀਤਾ ਆਪ ਨੇ ਉਸ ਨੂੰ ਨੇਪਰੇ ਚਾੜ੍ਹਿਆ। ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਪਨਾ ਸੀ ਕਿ ਨਾਮਧਾਰੀ ਪੰਥ ਆਧੁਨਿਕ ਖੇਤੀ ਬਾੜੀ ਵਿੱਚ ਵੱਡੀ ਮੁਹਾਰਤ ਹਾਸਲ ਕਰੇ। ਜਦੋਂ ਬੰਗਲੌਰ ਫਾਰਮ ਖਰੀਦਿਆਂ ਤਾਂ ਸ਼ੁਰੂਆਤੀ ਰੁਝਾਨ ਸੀ ਕਿ ਵੇਚ ਦੇਈਏ ਕਿਉਂਕਿ ਪੰਜਾਬ ਤੋਂ, ਆਪਣੇ ਲੋਕਾਂ ਤੋਂ ਅਤੇ ਬੋਲੀ ਤੋਂ ਇੰਨ੍ਹੀ ਦੂਰੀ ਹੈ ਕਿ ਅਸੀਂ ਕਾਮਯਾਬ ਨਹੀਂ ਹੋ ਸਕਾਂਗੇ। ਮਹਾਰਾਜ ਜੀ ਦਾ ਵੇਚਨ ਲਈ ਕੀਤਾ ਉਪਰਾਲਾ ਵੀ ਸਿਰੇ ਨਾ ਚੜ੍ਹਿਆ ਕਿਉਂਕਿ ਸ੍ਰੀ ਸਤਿਗੁਰੂ ਜੀ ਦੀ ਇਸ ਫਾਰਮ ਨੂੰ ਵੇਚਨ ਦੀ ਕੋਈ ਮਨਸ਼ਾ ਨਹੀਂ ਸੀ। ਆਪ ਨੇ ਹੁਕਮ ਅਨੁਸਾਰ ਪੰਜਾਬ ਤੋਂ ਸੈਂਕੜੇ ਮੀਲ ਦੂਰ ਉਸ ਜੰਗਲ ਵਿੱਚ ਜਾ ਡੇਰੇ ਲਾਏ। ਨਵੀਂ ਖੇਤੀ ਆਰੰਭ ਕੀਤੀ। ਮੁਸ਼ਕਿਲਾਂ ਬਹੁਤ ਸਨ ਪਰ ਦ੍ਰਿੜਤਾ ਅਤੇ ਗੁਰੂ ਕ੍ਰਿਪਾ ਨਾਲ ਸਭ ਕਾਰਜ ਰਾਸ ਆਏ। ਉਹਨਾਂ ਦਿਨਾਂ ਵਿੱਚ ਇਸ ਫਾਰਮ 'ਤੇ ਕੋਈ ਅਨਾਜ ਨਹੀਂ ਹੁੰਦਾ ਸੀ। ਖਾਣ ਲਈ ਕਣਕ ਅਤੇ ਚੌਲ ਜੀਵਨ ਨਗਰੋਂ ਜਾਂ ਸ੍ਰੀ ਭੈਣੀ ਸਾਹਿਬ ਤੋਂ ਭੇਜੇ ਜਾਂਦੇ। ਕਈ ਵਾਰ ਅਨਾਜ ਆਉਣ ਵਿੱਚ ਦੇਰੀ ਹੋ ਜਾਂਦੀ ਤਾਂ ਫਾਕੇ ਵੀ ਕੱਟਣੇ ਪੈਂਦੇ।

ਜਦੋਂ ਫਾਰਮ ਵਿੱਚ ਅੰਗੂਰਾ ਦੀ ਖੇਤੀ ਅਤੇ ਅੰਬਾ ਦੇ ਬੂਟੇ ਕਾਮਯਾਬ ਹੋਏ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤਿ ਪ੍ਰਸੰਨ ਹੋਏ ਅਤੇ ਬਹੁਤ ਸਾਰੇ ਸਿਖਾਂ ਸੇਵਕਾਂ ਨੂੰ ਜੀਵਨ ਨਗਰ ਇਲਾਕੇ 'ਚੋਂ ਅਤੇ ਹੋਰ ਇਲਾਕਿਆਂ ਵਿਚੋਂ ਨਾਲ ਲੈ ਕੇ ਬੰਗਲੌਰ ਫਾਰਮ 'ਤੇ ਗਏ ਤੇ ਸਭ ਨੂੰ ਕਹਿਣਾ ਵੇਖੋ ਕਾਕੇ ਨੇ ਸੱਚੀ ਨਿਸ਼ਠਾ ਨਾਲ ਇਸ ਫਾਰਮ ਨੂੰ ਕਾਮਯਾਬ ਕੀਤਾ ਹੈ। ਸ੍ਰੀ ਸਤਿਗੁਰੂ ਜੀ ਨੇ ਜੀਵਨ ਨਗਰ ਇਲਾਕੇ ਦੇ ਕਿਸਾਨਾ ਨੂੰ ਰਵਾਇਤੀ ਫਸਲ ਚੱਕਰ ਵਿਚੋਂ ਕੱਢਣ ਲਈ ਅੰਗੂਰ ਕਿੰਨੂਆਂ ਦੇ ਬਾਗ ਲਗਾਉਣ ਲਈ ਪ੍ਰੇਰਿਤ ਕੀਤਾ ਤੇ ਆਪ ਨੂੰ ਬੰਗਲੌਰ ਤੋਂ ਸਪੇਸ਼ਲ ਉਹਨਾਂ ਕਿਸਾਨਾ ਨੂੰ ਗਾਇਡ ਕਰਨ ਲਈ ਸੱਦਿਆ ਜਾਂਦਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਕਸਰ ਹੀ ਆਪ ਬਾਰੇ ਇਹ ਬਚਨ ਕਰਦੇ ਸੀ ਕਿ "ਕਾਕਾ ਬਹੁਤ ਸਿਆਣਾ ਤੇ ਸੂਝਵਾਨ ਹੈ।" ਇਕ ਜ਼ਿਕਰ ਕਵੀ ਜੀ ਨੇ 'ਬੀਤੇ ਦੀਆਂ ਪੈੜਾਂ' ਵਿੱਚ ਇਸ ਤਰ੍ਹਾਂ ਕੀਤਾ ਹੈ।

23 ਜੁਲਾਈ 1984 ਨੂੰ ਦਿੱਲੀ ਵਿਖੇ ਠਾਕੁਰ ਉਦੇ ਸਿੰਘ ਜੀ ਬਾਰੇ ਸਤਿਗੁਰੂ ਜੀ ਨੇ ਫ਼ਰਮਾਇਆ- "ਛੋਟੇ ਕਾਕੇ ਨੇ ਬੰਗਲੌਰ ਫਾਰਮ 'ਤੇ ਬੜਾ ਕੰਮ ਕੀਤਾ ਹੈ। ਏਨੀ ਮਿਹਨਤ ਕੀਤੀ ਹੈ ਕਿ ਹਾਰਟੀਕਲਚਰ ਨਾਲ ਸੰਬੰਧਿਤ ਲੋਕ ਵੇਖ ਕੇ ਹੈਰਾਨ ਹੋ ਜਾਂਦੇ ਹਨ। ਇੱਕ ਡਾਕਟਰ ਕੋਹਲੀ ਨੇ ਕੇਲਾ, ਪਪੀਤਾ ਤੇ ਅੰਬ ਸਪੈਸ਼ਲਿਸਟ ਨੂੰ ਛੋਟੇ ਕਾਕੇ ਕੋਲ ਬੰਦਾ ਭੇਜ ਕੇ ਉਚੇਚਾ ਬੁਲਵਾਇਆ। ਉਹ ਨਾਲ ਦੇ ਡਾਕਟਰ ਨੂੰ ਕਹਿਣ ਲੱਗਾ- ਅੰਗੂਰਾਂ ਤੇ ਐਵੇਂ ਹੀ ਜ਼ੋਰ ਲਗਾ ਰਹੇ ਹਨ। ਅੰਗੂਰ ਏਥੇ ਕਾਮਯਾਬ ਨਹੀਂ ਹੋਣੇ। ਇਹ ਜਗ੍ਹਾ ਕੇਲੇ ਲਈ ਬੜੀ ਸੂਟੇਬਲ ਹੋਣੀ ਸੀ, ਪਰ ਜਦੋਂ ਡਾ. ਕੋਹਲੀ ਨੇ ਆਪ ਆ ਕੇ ਅੰਗੂਰਾਂ ਦੀ ਗ੍ਰੋਥ ਵੇਖੀ ਤਾਂ ਆਪ ਹੀ ਕਹਿਣ ਲੱਗੇ, ਅੰਗੂਰਾਂ ਵਿੱਚ ਕੋਈ ਕਸਰ ਨਹੀਂ ਅਤੇ ਉਹ ਚਕ੍ਰਿਤ ਸਨ ਕਿ ਏਨੇ ਥੋੜ੍ਹੇ ਸਮੇਂ ਵਿੱਚ ਏਨੀ ਵਧੀਆ ਤਿਆਰੀ ਕਿਵੇਂ ਹੋ ਗਈ। ਉਨ੍ਹਾਂ ਆਪਣੀਆਂ ਡਾਇਰੀਆਂ ਵਿੱਚ ਕਾਕੇ ਦੇ ਤਜਰਬਿਆਂ ਨੂੰ ਨੋਟ ਕੀਤਾ।

ਅੰਗੂਰਾਂ ਦੇ ਖੇਤ ਹੁਣ ਪੰਜ ਹੋ ਗਏ ਹਨ। ਸਤਿਗੁਰੂ ਜੀ ਨੇ ਦੱਸਿਆ ਅਤੇ ਹਜ਼ੂਰ ਨੇ ਕਰਨਾਟਕ ਦੇ ਡਾ. ਗੋਪਾਲ ਦਾ ਜ਼ਿਕਰ ਵੀ ਕੀਤਾ ਜੋ ਅੰਗੂਰਾਂ ਦਾ ਲਾਜਵਾਬ ਉਪਜਾਊ ਹੈ। ਉਹ ਭਾਵੇਂ ਡਿਗਰੀਧਾਰੀ ਤਾਂ ਨਹੀਂ; ਪਰ ਉਸ ਨੇ ਅੰਗੂਰਾਂ ਤੇ ਅਮਲੀ ਕੰਮ ਏਨਾ ਕੀਤਾ ਹੈ ਕਿ ਉਸ ਨੂੰ ਅੰਗੂਰਾਂ ਬਾਰੇ ਰਗ ਰਗ ਦੀ ਪਛਾਣ ਹੈ। ਉਹ ਵੀ ਛੋਟੇ ਕਾਕੇ ਦੀ ਅੰਗੂਰਾਂ ਦੀ ਗ੍ਰੋਥ ਵੇਖ ਕੇ ਦੰਗ ਰਹਿ ਗਿਆ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 13 ਦਸੰਬਰ 2012 ਈ. ਨੂੰ ਬ੍ਰਹਮ ਲੀਨ ਹੋਏ, ਉਹਨਾਂ ਤੋਂ ਬਾਅਦ ਪੰਥ ਦਾ ਭਾਰ ਆਪ ਦੇ ਮੋਢਿਆਂ 'ਤੇ ਆਇਆ। ਬਹੁਤ ਸਾਰੀਆਂ ਚੀਜਾਂ ਉਸ ਸਮੇਂ ਬਿਖਰੀਆਂ ਪਈਆਂ ਸਨ। ਆਪ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪੰਥ ਫੁਲਵਾੜੀ ਵਿੱਚ ਨਵੀਂ ਰੂਹ ਫੂਕ ਦਿੱਤੀ।

......................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਧੂਹਿ ਮਿਆਨੋ ਖੰਡਾ ਹੋਈ ਸਾਮ੍ਹਣੇ॥**
ਉਹ ਮਿਆਨ 'ਚੋਂ ਖੰਡਾ ਖਿੱਚ ਕੇ ਸਾਹਮਣੇ ਹੋਈ।
She pulled out the double edged sword out from its scabbard and confronted the demons.

**ਸੱਭੇ ਬੀਰ ਸੰਘਾਰੇ ਧੂਮਰਨੈਣ ਦੇ॥**
ਧੂਮ੍ਰਲੋਚਨ ਦੇ ਸਾਰੇ ਯੋਧੇ ਮਾਰ ਦਿੱਤੇ।
She killed every soldier that Dhumra Lochan's commanded.

**ਜਣੁ ਲੈ ਕੱਟੇ ਆਰੇ ਦਰਖਤ ਬਾਢੀਆਂ॥27॥**
ਯੋਧੇ ਇਉਂ ਕੱਟੇ ਪਏ ਸਨ, ਜਿਵੇਂ ਤਰਖਾਣਾਂ ਨੇ ਆਰੇ ਲੈ ਕੇ ਦਰਖਤ ਕੱਟੇ ਹੋਣ।
Their bodies had been cut skilfully like a carpenter would sculpt wood.

**ਪਉੜੀ॥**
**ਚੋਬੀ ਧਉਸ ਬਜਾਈ ਦਲਾਂ ਮੁਕਾਬਲਾ॥**
ਨਗਾਰਿਆਂ 'ਤੇ ਚੋਟ ਵੱਜੀ ਅਤੇ ਫ਼ੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।
The war drum was beaten again and both armies started to fight.

**ਰੋਹ ਭਵਾਨੀ ਆਈ ਉੱਤੈ ਰਾਕਸਾਂ॥**
ਰਾਖਸ਼ਾਂ ਉੱਤੇ ਚੰਡੀ ਗੁੱਸਾ ਖਾ ਕੇ ਟੁੱਟ ਪਈ।
The enraged Chandi struck the demon army with force.

**ਖੱਬੈ ਦਸਤ ਨਚਾਈ ਸੀਹਣ ਸਾਰ ਦੀ॥**
ਸ਼ੀਹਣੀ ਵਰਗੀ ਤੇਜ਼ ਲੋਹੇ ਦੀ ਤਲਵਾਰ ਉਸਨੇ ਆਪਣੇ ਖੱਬੇ ਹੱਥ ਵਿੱਚ ਫੜ ਕੇ ਲਹਿਰਾਈ।
She then wielded this sword with her left hand.

**ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ॥**
ਕਈਆਂ ਦੇ ਸਰੀਰਾਂ ਵਿੱਚੋਂ ਪਾਰ ਹੋ ਕੇ ਉਹ ਤਲਵਾਰ ਰੰਗੀ ਗਈ।
With each body that this sword cut,
the colour of the blade became deeper and more vibrant.

**ਭਾਈਆਂ ਮਾਰਨ ਭਾਈ ਦੁਰਗਾ ਜਾਣਿ ਕੈ॥**
ਦੁਰਗਾ ਤੋਂ ਭੈਭੀਤ ਹੋਏ ਰਾਖਸ਼ ਜੰਗ ਦੇ ਰੌਲੇ-ਗੌਲੇ ਵਿੱਚ ਆਪਣੇ ਹੀ ਭਰਾਵਾਂ ਨੂੰ ਮਾਰਨ ਲੱਗੇ।
Fear, confusion and commotion on the battlefield caused demons
to accidently kill each other.

**ਰੋਹ ਹੋਇ ਚਲਾਈ ਰਾਕਸਿ ਰਾਇ ਨੂੰ॥**
ਸੈਨਾਪਤੀ ਧੂਮ੍ਰਲੋਚਨ ਵੱਲ ਗੁੱਸੇ ਵਿੱਚ ਭਰ ਕੇ ਦੁਰਗਾ ਨੇ ਵਾਰ ਕੀਤਾ।
Enraged, Durga launched an attack on the commander, Dhumra Lochan.

**ਜਮਪੁਰ ਦੀਆ ਪਠਾਈ ਲੋਚਨ ਧੂਮ ਨੂੰ॥**
ਇਸ ਵਾਰ ਦੇ ਪ੍ਰਹਾਰ ਕਰਕੇ ਧੂਮ੍ਰਲੋਚਨ ਯਮਪੁਰੀ ਵੱਲ ਭੇਜ ਦਿੱਤਾ ਗਿਆ।
This attack sent the commander to the city of death, Yama.

**ਜਾਪੇ ਦਿਤੀ ਸਾਈ ਮਾਰਨ ਸੁੰਭ ਦੀ॥28॥**
ਮਾਨੋ ਕਿ ਇਹ ਦੁਰਗਾ ਨੇ ਸੁੰਭ ਨੂੰ ਮਾਰਨ ਦੀ ਸਾਈ ਦਿੱਤੀ ਹੋਵੇ।
This death is to be the guarantee, for Sumbh to be killed next.

**ਪਉੜੀ॥**
**ਭੰਨੇ ਦੈਤ ਪੁਕਾਰੇ ਰਾਜੇ ਸੁੰਭ ਥੈ॥**
ਜੰਗ ਵਿੱਚੋਂ ਮਾਰ ਖਾ ਕੇ ਦੈਂਤ ਰਾਜੇ ਸੁੰਭ ਕੋਲ ਫਰਿਆਦੀ ਹੋਏ।
The demon army turned to Sumbh for support after losing.

**ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ॥**
ਕਿ ਧੂਮ੍ਰਲੋਚਨ ਸਿਪਾਹੀਆਂ ਸਮੇਤ ਮਾਰਿਆ ਗਿਆ ਹੈ।
“Dhumra Lochan has been killed alongside his soldiers” they explained.

**ਚੁਣਿ ਚੁਣਿ ਜੋਧੇ ਮਾਰੇ ਅੰਦਰਿ ਖੇਤ ਦੈ॥**
ਚੰਡਿਕਾ ਨੇ ਮੈਦਾਨੇ-ਜੰਗ ਵਿੱਚ ਸੂਰਮੇ ਚੁਣ-ਚੁਣ ਕੇ ਮਾਰ ਸੁੱਟੇ ਹਨ।
“Chandika, skillfully killed everyone” they said.

**ਜਾਪਨ ਅੰਬਰ ਤਾਰੇ ਡਿਗਨਿ ਸੂਰਮੇ॥**
ਡਿੱਗਦੇ ਹੋਏ ਯੋਧੇ, ਆਕਾਸ਼ ਦੇ ਤਾਰੇ ਟੁੱਟਦੇ ਮਾਲੂਮ ਪੈਂਦੇ ਸਨ।
“Their bodies flying through the sky looked like shooting stars” they went on to say,

**ਗਿਰੇ ਪਰਬਤ ਭਾਰੇ ਮਾਰੇ ਬਿੱਜੁ ਦੇ॥**
ਮਾਨੋ ਕਿ ਬਿਜਲੀ ਦੀ ਆਫ਼ਤ ਦੇ ਮਾਰੇ ਹੋਏ ਵੱਡੇ ਪਹਾੜ ਡਿੱਗਦੇ ਹੋਣ।
“It was as if a mountain had been struck by lightening”

**ਦੈਤਾਂ ਦੇ ਦਲ ਹਾਰੇ ਦਹਸ਼ਤ ਖਾਇ ਕੈ॥**
ਦੇਵੀ ਦੀ ਦਹਿਸ਼ਤ ਖਾ ਕੇ ਦੈਂਤਾਂ ਦੀਆਂ ਫੌਜਾਂ ਹਾਰ ਚੁੱਕੀਆਂ ਹਨ।
“Fearing Devi, we have lost” the demons said.

**ਨਾਮਧਾਰੀ ਨਿਤਨੇਮ ਸਟੀਕ ’ਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**23 ਜੂਨ 2024** **ਥਾਈਲੈਂਡ**



ਆਪ ਨੇ ਨਾਮ ਸਿਮਰਨ ਕੀਤਾ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਸੁਣਿਆ ਹੈ। ਨੌਵੇਂ ਪਾਤਸ਼ਾਹ ਜੀ ਦੀ ਉਚਾਰੀ ਹੋਈ ਗੁਰਬਾਣੀ 'ਚੋਂ ਉਹਨਾਂ ਦੇ ਸਲੋਕ ਸੁਣੇ ਹਨ, ਉਸ ਤੋਂ ਬਾਅਦ ਗੁਰਬਾਣੀ ਦਾ ਕੀਰਤਨ ਸੁਣਿਆ ਤੇ ਵੱਡੇ ਭਾਗ ਨੇ ਕਿ ਹਰ ਜਸ ਕਰਨ ਦਾ ਮੌਕਾ ਮਿਲਦਾ ਹੈ। ਅੱਜ ਜਿਹੜਾ ਪਹਿਲਾ ਸ਼ਬਦ ਪੜ੍ਹਿਆ ਸੀ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਦਾ ਸ਼ਬਦ ਹੈ

**"ਤੂੰ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ"**

ਮੇਰੇ ਪਾਤਸ਼ਾਹ ਤੂੰ ਹੀ ਦਾਤਾ ਹੈ ਤੇਰੇ ਤੋਂ ਬਿਨਾਂ ਕੋਈ ਦੂਸਰਾ ਨਹੀਂ। ਇਕ ਸਿੱਖ ਦਾ ਸਟਰਾਂਗ ਬਲੀਵ ਹੈ ਕਿ ਮੇਰੇ ਅਕਾਲ ਪੁਰਖ ਤੋਂ ਬਿਨਾਂ, ਮੇਰੇ ਸਤਿਗੁਰੂ ਤੋਂ ਬਿਨਾਂ, ਹੋਰ ਕੋਈ ਮੈਨੂੰ ਦੇਣ ਵਾਲਾ ਨਹੀਂ।

ਅਲਗ-ਅਲਗ ਥਾਵਾਂ ਤੇ ਜਾਂਦੇ ਹਾਂ ਪਰ ਸਿੱਖ ਦਾ ਸਿਰ ਕਿਤੇ ਦੂਸਰੀ ਥਾਂ ਝੁਕਦਾ ਨਹੀਂ। ਇਕ ਸਿੱਖ ਕਿਸੇ ਹੋਰ ਦੇ ਅੱਗੇ ਝੋਲੀ ਨਹੀਂ ਅੱਡਦਾ। ਸੱਚੇ ਪਾਤਸ਼ਾਹ ਹੁਕਮ ਕਰਦੇ ਹਨ, ਮੈਂ ਜਦੋਂ ਮੰਗਣਾ, ਮੈਂ ਗਰੀਬ ਹੋ ਕੇ ਮੰਗਣਾ। ਮੈਂ ਮੂਰਖ ਹਾਂ ਪਰ ਮੈਂ ਤੇਰੇ ਦੁਆਰੇ ਤੇ ਢੈ ਪਿਆ ਹਾਂ ਮੈਂ ਤੇਰੀ ਸ਼ਰਨ ਵਿੱਚ ਆ ਗਿਆ ਹਾਂ, ਮੈਨੂੰ ਰੱਖ ਲੈ, ਮੇਰੀ ਕੋਈ ਸਿਆਣਪ ਨਹੀਂ, ਜਿਹਦੇ ਨਾਲ ਮੈਂ ਰਹਿ ਸਕਾਂ, ਤੂੰ ਹੀ ਮੈਨੂੰ ਰੱਖ ਸਕਦਾ ਹੈ।ਅਸੀਂ ਮੰਗਣਾ ਕੀ ਹੈ, ਅਸੀਂ ਛੋਟੇ ਹੋ ਕੇ ਮੰਗਣਾ, ਅਸੀਂ ਅਧੀਨ ਹੋ ਕੇ ਮੰਗਣਾ,

**"ਸਾਹਿਬ ਸੇਤੀ ਹੁਕਮ ਨ ਚਲੈ ਕਹੀ ਬਣੈ ਅਰਦਾਸਿ"**

ਉਸ ਪਾਤਸ਼ਾਹ ਦੇ ਅੱਗੇ ਮੇਰੀ ਅਰਦਾਸ ਹੈ ਕਿ ਮੈਂ ਤੇਰੇ ਦੁਆਰੇ ਤੇ ਢਹਿ ਪਿਆ ਤੇ ਮੈਨੂੰ ਰੱਖ ਲਾ। ਅੱਜ ਤੁਸੀਂ ਉਪਦੇਸ਼ ਸੁਣਿਆ ਸੀ ਬਹੁਤ ਘੱਟ ਸੰਗਤ ਉਦੋਂ ਆਈ ਸੀ। ਆਪਾਂ ਸਾਰੇ ਹੀ ਮੰਗਦੇ ਹਾਂ ਪਰ ਆਪਣੀਆਂ ਮੰਗਾਂ ਕਦੀ ਮੁੱਕਦੀਆਂ ਨਹੀਂ। ਤੁਸੀਂ ਆਪ ਹੀ ਸੋਚ ਕੇ ਦੇਖ ਲਓ ਕਦੀ ਤੁਹਾਡੀਆਂ ਡਿਜ਼ਾਇਰ ਮੁੱਕਦੀਆਂ ਹੀ ਨਹੀਂ, ਸਾਨੂੰ ਤੰਗ ਕੀ ਕਰਦੀਆਂ ਨੇ, ਸਾਡੀਆਂ ਡਿਜ਼ਾਇਰ ਤੰਗ ਕਰਦੀਆਂ ਨੇ, ਅੱਜ ਮੇਰੀ ਇੱਕ ਮੰਗ ਪੂਰੀ ਹੋ ਗਈ, ਕੱਲ ਨੂੰ ਮੇਰੀ ਦੂਸਰੀ ਮੰਗ ਸ਼ੁਰੂ ਹੁੰਦੀ ਹੈ, ਪਰਸੋਂ ਮੇਰੀ ਤੀਸਰੀ ਮੰਗ ਸ਼ੁਰੂ ਹੁੰਦੀ ਹੈ, ਜਿੰਨਾ ਚਿਰ ਅਸੀਂ ਦੁਨੀਆ 'ਚ ਰਹਿੰਦੇ ਆਂ, ਸਾਡੀ ਕਦੀ ਡਿਜ਼ਾਇਰ ਮੁੱਕਦੀ ਹੀ ਨਹੀਂ। ਸੋ ਅਸੀਂ ਹੌਲੀ-ਹੌਲੀ ਉਹਦੀ ਰਜ਼ਾ ਵਿੱਚ ਰਹਿਣਾ ਤੇ ਇਹ ਮੰਗਣਾ ਕਿ "ਸਾਰਿਆਂ ਤੋਂ ਵੱਡੀ ਮੈਨੂੰ ਇਹ ਦਾਤ ਦੇ ਕੇ ਮੇਰੀ ਭੁੱਖ ਖ਼ਤਮ ਹੋ ਜਾਵੇ", ਮੇਰੀਆਂ ਸਾਰੀਆਂ ਡਿਜ਼ਾਇਰ ਖ਼ਤਮ ਹੋ ਜਾਣ। ਉਹ ਸੰਤੁਸ਼ਟੀ ਦਾ ਦਾਨ ਦੇ, ਉਹ ਸੰਤੋਖ ਦਾ ਦਾਨ ਹੈ। ਇਸ ਤੋਂ ਵੱਡਾ ਕੋਈ ਦਾਨ ਹੀ ਨਹੀਂ।

ਬੜੀ ਕਿਰਪਾ ਕਰਦੇ ਹੋ ਸੰਗਤ ਆਉਂਦੀ ਹੈ। ਹੌਲੀ-ਹੌਲੀ ਆਪਾਂ ਇਹ ਕੋਸ਼ਿਸ਼ ਕਰੀਏ ਕਿ ਤੁਹਾਡੇ ਵਿੱਚ ਸਿੱਖੀ ਸਰੂਪ ਹੋਣ ਲੱਗ ਜਾਣ। ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਜਿੰਨੇ ਵੀ ਖਾਸ ਕਰਕੇ ਨੌਜਵਾਨ ਸੰਗਤ ਵਿੱਚ ਆਉਂਦੇ ਹੋ ਤੁਸੀਂ ਆ ਕੇ ਘੱਟੋ-ਘੱਟ ਸੁਣਦੇ ਹੋ। ਮੇਰਾ ਜੀ ਕਰਦਾ ਕਿ ਤੁਸੀਂ ਸਿੱਖੀ ਸਰੂਪ ਬਚਾ ਲਉ ਤੇ ਸਿੱਖੀ ਸਰੂਪ ਵਿੱਚ ਹੋ ਜਾਉ। ਕਿਉਂਕਿ ਸਾਡੇ ਕਰਕੇ ਕੋਈ ਜੀਵ ਮਾਰੇ ਕੀ ਤੁਸੀਂ ਕੋਈ ਇਹ ਸੋਚਦੇ ਹੋ ਕਿ ਜੇ ਮੈਂ ਮਾਸ ਖਾਨਾ ਹਾਂ। ਜਿਹੜੇ ਜੀਵ ਨੂੰ ਮਾਰਿਆ ਗਿਆ ਉਹ ਜੀਵ ਮੇਰੇ ਪਿਆਰੇ ਦਾ ਬਣਾਇਆ ਹੋਇਆ ਹੈ। ਉਹ ਵੀ ਮੇਰੇ ਪਰਮਾਤਮਾ ਦਾ ਬਣਾਇਆ ਹੋਇਆ। ਜਿੰਨਾਂ ਨੇ ਕੋਈ ਗਲਤੀ ਕੀਤੀ ਅੱਗੇ ਤੋਂ ਨਾ ਕਰੋ। ਸ਼ਾਕਾਹਾਰੀ ਬਣੋ।

ਲੋਕ ਤੀਰਥਾਂ ਤੇ ਜਾਂਦੇ ਨੇ, ਕੋਈ ਗੰਗਾ ਤੇ ਜਾਂਦਾ, ਕੋਈ ਬਦਰੀਨਾਥ ਜਾਂਦਾ, ਕੋਈ ਹਰਿਮੰਦਰ ਸਾਹਿਬ ਜਾਂਦਾ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ

**"ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ"**

ਤੈਨੂੰ ਕਿਸੇ ਤੀਰਥਾਂ ਤੇ ਜਾਣ ਦੀ ਲੋੜ ਨਹੀਂ ਸਾਰੇ ਤੀਰਥਾਂ ਦਾ ਫਲ ਤੈਨੂੰ ਮਿਲ ਜਾਏਗਾ? ਜਿਥੇ ਦਇਆ ਨਹੀਂ ਉੱਥੇ ਧਰਮ ਨਹੀਂ, ਦਇਆ ਤੋਂ ਬਿਨਾਂ ਤਾਂ ਧਰਮ ਦਾ ਕੋਈ ਮੁੱਢ ਮੂਲ ਹੀ ਨਹੀਂ ਹੋ ਸਕਦਾ। ਸੋ ਸਾਡੇ ਅੰਦਰ ਦਇਆ ਹੋਣੀ ਚਾਹੀਦੀ ਹੈ। ਮੈਂ ਇਹ ਅਰਜ਼ ਕਰਦਾ ਕਿ ਪਹਿਲੀ ਚੀਜ਼ ਕੋਈ ਵੀ ਨਾਮਧਾਰੀ ਬੱਚਾ ਇਹ ਨਾ ਹੋਵੇ ਕਿ ਮੀਟ ਖਾਂਦਾ ਹੋਵੇ, ਸ਼ਰਾਬ ਪੀਂਦਾ ਹੋਵੇ, ਸਾਰੇ ਵੈਜੀਟੇਰੀਅਨ ਬਣੋ। ਲੋਕਾਂ ਦੇ ਮਗਰ ਨਾ ਲੱਗੋ। ਮੇਰੇ ਗੁਰੂ ਨਾਨਕ ਦੇ ਮਗਰ ਲੱਗੋ। ਮੇਰੇ ਸਤਿਗੁਰੂ ਜਗਜੀਤ ਸਿੰਘ ਦੇ ਮਗਰ ਲੱਗੋ। ਜਿਹੜੀ ਤੁਹਾਡੀ ਸੁਸਾਇਟੀ ਹੈ, ਇਹਨਾਂ ਤੁਹਾਨੂੰ ਇੱਥੇ ਹੀ ਛੱਡ ਜਾਣਾ ਹੈ। ਜਿਸ ਦਿਨ ਤੁਹਾਡੇ ਕੋਲ ਪੈਸਾ ਨਹੀਂ, ਇਹਨਾਂ ਨੇ ਤੁਹਾਡੇ ਨਾਲ ਨਹੀਂ ਚੱਲਣਾ। ਤੇ ਅੱਗੇ ਤਾਂ ਕਿਸੇ ਨੇ ਵੀ ਨਹੀਂ ਜਾਣਾ। ਉਹ ਮੇਰਾ ਗੁਰੂ ਨਾਨਕ ਸੱਚਾ ਪਾਤਸ਼ਾਹ, ਉਹ ਮੇਰਾ ਸਤਿਗੁਰੂ ਜਗਜੀਗ ਸਿੰਘ ਇਥੇ ਵੀ ਤੁਹਾਡੇ ਨਾਲ ਹੈ ਤੇ ਅੱਗੇ ਵੀ ਤੁਹਾਡੇ ਨਾਲ ਹੈ। ਸੋ ਇਸ ਕਰਕੇ ਮੈਂ ਅਰਜ਼ ਬੇਨਤੀ ਕਰਦਾ ਕਿ ਆਪਣਾ ਧਰਮ ਨਾ ਛੱਡੀਏ। ਆਪਣਾ ਧਰਮ ਸਭ ਤੋਂ ਉੱਪਰ ਹੈ।

ਗੁਰਬਾਣੀ ਜਰੂਰ ਥੋੜ੍ਹੀ-ਥੋੜ੍ਹੀ ਪੜ੍ਹਿਆ ਕਰੋ, ਜੇ ਕੋਈ ਕਹਿੰਦਾ ਕਿ ਮੈਨੂੰ ਪੰਜਾਬੀ ਨਹੀਂ ਵੀ ਆਉਂਦੀ ਤਾਂ ਤੁਸੀਂ ਸਿੱਖ ਸਕਦੇ ਹੋ। ਆਨਲਾਈਨ ਬਹੁਤ ਸਾਰੇ ਸਾਡੇ ਨੌਜਵਾਨ ਸਿੰਘ-ਸਿੰਘਣੀਆਂ ਸਿਖਾਉਂਦੇ ਨੇ। ਆਨਲਾਈਨ ਸਿੱਖੋ ਥੋੜੀ-ਥੋੜੀ ਗੁਰਬਾਣੀ ਪੜ੍ਹੋ, ਗੁਰਬਾਣੀ ਪੜ੍ਹ ਕੇ ਸਮਝੋ। ਗੁਰਬਾਣੀ ਕੋਈ ਰਿਚੁਅਲ ਨਹੀਂ ਹੈ, ਗੁਰਬਾਣੀ ਗਿਆਨ ਹੈ, ਗੁਰਬਾਣੀ ਪ੍ਰਕਾਸ਼ ਹੈ, ਸੋ ਗਿਆਨ ਤੁਸੀਂ ਕਿਤਾਬਾਂ ਤੋਂ ਵੀ ਲੈਂਦੇ ਹੋ, ਤੁਸੀਂ ਕੋਈ ਸਬਜੈਕਟ ਪੜ੍ਹਦੇ ਹੋ, ਕੋਈ ਬਿਜਨਸ ਪੜ੍ਹਦਾ, ਕੋਈ ਫਿਜਿਕਸ ਪੜ੍ਹਦਾ ਹੈ, ਕੋਈ ਕਮਿਸਟਰੀ ਪੜ੍ਹਦਾ, ਕੋਈ ਮੈਡੀਸਨ ਪੜ੍ਹਦਾ, ਆਪਾਂ ਇਸ ਦੁਨੀਆਂ ਤੇ ਕੇਵਲ ਪੈਸੇ ਕਮਾਉਣ ਨਹੀਂ ਆਏ, ਇਹ ਮਨੁੱਖਾ ਜਨਮ ਮਿਲਿਆ ਪਤਾ ਨਹੀਂ ਕਿੰਨੇ ਜਨਮਾਂ ਤੋਂ ਬਾਅਦ ਹੈ ਇਸ ਜਨਮ 'ਚ ਆ ਕੇ ਸਾਧੂਆਂ ਦੀ ਸੰਗਤ ਕਰੀਏ।

ਇੱਥੇ ਸਾਰਾ ਕੁਝ ਬਦਲ ਜਾਂਦਾ ਹੈ, ਬਾਹਰ ਤੁਸੀਂ ਸੈਨੇਟਰ ਹੋ ਸਕਦੇ ਹੋ, ਮੈਂਬਰ ਹੋ ਸਕਦੇ ਹੋ, ਤੁਹਾਡੀ ਪਦਵੀ ਵੱਡੀ ਹੋ ਸਕਦੀ ਹੈ ਪਰ ਇੱਥੇ ਸਭ ਤੋਂ ਵੱਡੀ ਪਦਵੀ ਸੇਵਾਦਾਰ ਦੀ ਹੈ। ਸੋ ਪਹਿਲੀ ਗੱਲ ਤੇ ਮੈਂ ਕਮੇਟੀ ਨੂੰ ਇਹ ਕਹਿਣਾ ਚਾਹਾਂਗਾ ਸ਼ਾਇਦ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਬਚਨ ਨੇ ਮੈਂ ਰਿਪੀਟ ਕਰਾਂਗਾ ਕਿ ਜੇ ਤੁਸੀਂ ਸੰਗਤ ਦੇ ਝਾੜੂ ਬਰਦਾਰ ਬਣ ਕੇ ਸੇਵਾ ਕਰੋਗੇ ਤੇ ਤੁਹਾਨੂੰ ਸਫ਼ਲਤਾ ਮਿਲੇਗੀ, ਤੁਸੀਂ ਸੰਗਤ ਦੀ ਸੇਵਾ ਕਰਨੀ ਹੈ ਕਿ ਕੋਈ ਇੱਥੇ ਵੱਡਾ ਨਹੀਂ ਕੋਈ ਛੋਟਾ ਨਹੀਂ, ਕੋਈ ਮੇਰਾ ਨਹੀਂ ਕੋਈ ਬੇਗਾਨਾ ਨਹੀਂ, ਜਿੰਨਾ ਚਿਰ ਕੋਈ ਬੇਗਾਨਾ ਉਨਾ ਚਿਰ ਅਸੀਂ ਸਿੱਖੀ ਸਮਝੇ ਨਹੀਂ।

**ਸਤਿ ਸ੍ਰੀ ਅਕਾਲ**

..........................................................

# ਨਾਮਧਾਰੀ ਕਵੀਸ਼ਰੀ ਕਾਵਿ



**ਸਵਰਨ ਸਿੰਘ ਸਨੇਹੀ**

ਪੰਜਾਬੀ ਕਾਵਿ ਦੀ ਉਮਰ ਕਾਫੀ ਵੱਡੀ ਹੈ ਪਰ ਬੌਧਿਕ ਕਵਿਤਾ ਬੁਧੀਜੀਵੀਆਂ ਦੇ ਨੇੜੇ ਰਹਿਣ ਕਾਰਨ ਜਨ ਸਾਧਾਰਨ ਤੋਂ ਸੁਭਾਵਿਕ ਤੌਰ ਤੇ ਦੂਰ ਰਹਿੰਦੀ ਹੈ। ਸਮਾਜ ਦੇ ਸਾਧਾਰਨ ਵਰਗ ਦੇ ਲੋਕਾਂ ਵਿਚ ਕਾਵਿ ਪ੍ਰਤੀ ਰੁਚੀ ਪੈਦਾ ਕਰਕੇ ਇਸ ਨੂੰ ਪ੍ਰਫੁਲਿਤ ਕਰਨ ਵਿਚ ਕਿੱਸਾ-ਕਾਵਿ ਦਾ ਬਹੁਤ ਵੱਡਾ ਹਿੱਸਾ ਰਿਹਾ ਹੈ। ਕਿੱਸਾ ਕਾਵਿ ਤੇ ਕਵੀਸ਼ਰੀ ਦੀ ਪਰਸਪਰ ਬਹੁਤ ਸਾਂਝ ਹੈ। ਫ਼ਰਕ ਕੇਵਲ ਏਨਾਂ ਕੁ ਜਾਪਦਾ ਹੈ ਕਿ ਕਿੱਸਾ ਕਿਸੇ ਇਕ ਵਿਅਕਤੀ ਜਾਂ ਘਟਨਾ ਬਾਰੇ ਹੋ ਸਕਦਾ ਹੈ ਜਦ ਕਿ ਕਵੀਸ਼ਰੀ ਵਿਚ ਕਿਸੇ ਵਡੀ ਕਥਾ ਦੇ ਇਕ ਮਹੱਤਵਪੂਰਨ ਜਾਂ ਹਰਮਨ ਪਿਆਰੇ ਅੰਗ ਨੂੰ ਵੀ ਛੰਦ ਜਾਮਾ ਪਹਿਨਾਇਆ ਜਾ ਸਕਦਾ ਹੈ। ਜਿਵੇਂ ਗੁਰੂ ਨਾਨਕ ਤੇ ਗੁਰੂ ਅਰਜਨ ਦੇਵ ਜੀ ਦੀਆਂ ਜੀਵਨੀਆਂ ਬਹੁਤ ਵਿਸਥਾਰ-ਪੂਰਵਕ ਹਨ ਪਰ ਕਵੀਸ਼ਰਾਂ ਨੇ ਉਨ੍ਹਾਂ ਵਿਚੋਂ ਬਾਬੇ ਦਾ ਵਿਆਹ ਜਾਂ ਮਾਤਾ ਗੰਗਾ ਦਾ ਪ੍ਰਸੰਗ ਹੀ ਕਵੀਸ਼ਰੀ ਲਈ ਅਪਣਾਏ ਸਨ। ਜੇ ਕਿੱਸਾ ਕਾਵਿ ਨੂੰ, ਸਮਾਜ ਦੇ ਸਾਧਾਰਨ ਵਰਗ ਦੀਆਂ ਰੁਚੀਆਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਕਾਵਿ ਰਚਨਾ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿਉਂਕਿ ਕਿੱਸਿਆਂ ਦੀ ਭਾਸ਼ਾ ਸਰਲ ਤੇ ਛੰਦ ਚੋਣ ਬੜੀ ਟੁੰਬਵੀਂ ਹੁੰਦੀ ਹੈ ਜੋ ਸ੍ਰੋਤਿਆਂ ਨੂੰ ਘੰਟਿਆਂ ਬੱਧੀ ਕੀਲੀ ਰੱਖਣ ਵਿਚ ਸਹਾਈ ਹੁੰਦੀ ਹੈ ਤੇ ਇਹੋ ਮੁਖ ਮਨੋਰਥ ਕਵੀਸ਼ਰੀ ਦਾ ਹੁੰਦਾ ਹੈ।

ਪੰਜਾਬੀ ਕਾਵਿ ਪ੍ਰਤੀ ਦਿਲਚਸਪੀ ਪੈਦਾ ਕਰਨ ਵਿਚ ਕਵੀਸ਼ਰੀ ਨੇ ਵੱਡਾ ਰੋਲ ਅਦਾ ਕੀਤਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਪੰਜਾਬੀ ਦੇ ਬਹੁਤ ਸਾਰੇ ਸਾਹਿਤ ਇਤਿਹਾਸਕਾਰਾਂ ਵੱਲੋਂ ਇਹ ਵਿਧਾ ਅਣਗੌਲੀ ਹੀ ਰਹੀ ਹੈ। ਇਥੋਂ ਤੱਕ ਕਿ ਪੰਜਾਬੀ ਵਿਸ਼ਵਕੋਸ਼ ਵਿਚ ਇਸ ਦੀ ਪਰਿਭਾਸ਼ਾ ਦਾ ਸੰਕੇਤਿਕ ਨਾਂ-ਭੋਗ ਵੀ ਨਹੀਂ ਪਾਇਆ ਦਿਸਦਾ।

ਛੰਦ ਸ਼ਾਸਤ੍ਰੀਆਂ ਦਾ ਮੱਤ ਹੈ ਕਿ ਪਿੰਗਲ ਦੀਆਂ ਕਠਨ ਬੰਦਸ਼ਾਂ ਦੀ ਮਿਹਨਤ ਤੋਂ ਜੀਅ ਚੁਰਾਉਣ ਵਾਲੇ ਵਿਅਕਤੀ ਭਾਵੇਂ ਛੰਦ ਮੁਕਤ ਰਚਨਾ ਨੂੰ ਕਵਿਤਾ ਕਹਿਣ ਲਗ ਪਏ ਹਨ ਪਰ ਅਸਲ ਵਿਚ ਛੰਦ-ਬੱਧ ਤੇ ਪਿੰਗਲ ਅਨੁਸਾਰੀ ਰਚਨਾ ਹੀ ਕਵਿਤਾ ਅਖਵਾਉਣ ਦੀ ਹੱਕਦਾਰ ਹੁੰਦੀ ਹੈ। 'ਪਿੰਗਲ ਬਿਨਾਂ ਕਵੀਸ਼ਰੀ ਗੀਤਾ ਬਿਨਾਂ ਗਿਆਨ' ਦੀ ਪੰਜਾਬੀ ਕਹਾਵਤ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ ਕਿ ਛੰਦਾਬੰਦੀ ਬਿਨਾਂ ਕਵੀਸ਼ਰੀ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ; ਕਿਉਂਕਿ ਸ੍ਰੋਤਿਆਂ ਨੂੰ ਮੰਤ-ਮੁਗਧ ਕਰਨ ਲਈ ਜਿਨ੍ਹਾਂ ਪ੍ਰਮੁਖ ਅੰਸ਼ਾਂ ਰਾਗ, ਲੈਅ, ਰਸ ਆਦਿ ਦਾ ਕਿਸੇ ਰਚਨਾ ਵਿਚ ਹੋਣਾ ਜ਼ਰੂਰੀ ਮੰਨਿਆ ਗਿਆ ਹੈ ਉਹ ਕਿਸੇ ਬੰਦਸ਼ ਵਿਚ ਬੱਝੇ ਹੋਏ ਸ਼ਬਦ ਹੀ ਪੈਦਾ ਕਰ ਸਕਦੇ ਹਨ। ਪਹਿਲੇ ਸਮਿਆਂ ਵਿਚ ਕਵੀ ਨੂੰ ਸ੍ਰੇਸ਼ਠ ਤੇ ਵਿਦਵਾਨ ਵਿਅਕਤੀ ਸਮਝਿਆ ਜਾਂਦਾ ਸੀ। ਜਾਰਜ ਇਲੀਅਟ ਦੀ ਕਾਵਿ ਵਿਆਖਿਆ ਅਨੁਸਾਰ 'ਕਵੀ ਦਾ ਦਰਜਾ ਇਕ ਸਿੱਧ ਪੁਰਸ਼ ਦੇ ਬਰਾਬਰ ਹੁੰਦਾ ਹੈ।'' ਕਵੀਸ਼ਰ ਨੂੰ ਜਿਸ ਤਰ੍ਹਾਂ ਅੱਜ ਅਸੀਂ ਸਮਝਦੇ ਹਾਂ ਇਹ ਰੂਪ ਭਾਵੇਂ ਇਸ ਨੇ ਪਿਛਲੀ ਸਦੀ ਵਿਚ ਹੀ ਧਾਰਨ ਕੀਤਾ ਹੋਵੇ ਪਰ ਇਸ ਸ਼ਬਦ ਦਾ ਅਰਥ ਹੀ ਇਸ ਦੇ ਮਹੱਤਵ ਨੂੰ ਪ੍ਰਗਟ ਕਰ ਦਿੰਦਾ ਹੈ; ਕਵੀ+ਈਸ਼ਰ= ਕਵੀਸ਼ਰ ਅਰਥਾਤ ਕਵੀਆਂ ਦਾ ਰਾਜਾ ਜਾਂ ਕਾਵਿ-ਸ਼ਿਰੋਮਣਿ। ਅੱਜ ਦੇ ਸੰਦਰਭ ਵਿਚ ਅਸੀਂ ਉਕਤ ਵਿਚਾਰ ਦੇ ਆਧਾਰ ਤੇ ਕਵੀਸ਼ਰੀ ਦੀ ਪਰਿਭਾਸ਼ਾ ਇਸ ਤਰ੍ਹਾਂ ਕਰ ਸਕਦੇ ਹਾਂ:

ਕਿਸੇ ਵੀ ਛੋਟੀ ਵੱਡੀ ਘਟਨਾ, ਕਥਾ ਜਾਂ ਉਸ ਦੇ ਕਿਸੇ ਅੰਗ ਨੂੰ ਵੰਨ ਸੁਵੰਨੇ ਛੰਦਾਂ ਦਾ ਜਾਮਾ ਪਹਿਨਾਉਣ ਪਿਛੋਂ, ਸਾਜਾਂ ਦੀ ਸਹਾਇਤਾ ਬਿਨਾਂ, ਇਕ ਜਾਂ ਇਕ ਤੋਂ ਵੱਧ ਵਿਅਕਤੀਆਂ ਦੁਆਰਾਂ ਤਰੰਨੁਮ ਵਿਚ ਪੇਸ਼ ਕੀਤੇ ਜਾਣ ਵਾਲੇ ਕਾਵਿ ਨੂੰ ਕਵੀਸ਼ਰੀ ਕਿਹਾ ਜਾ ਸਕਦਾ ਹੈ।

ਕਵੀਸ਼ਰੀ ਗਾਇਕੀ ਲਈ ਵਿਅਕਤੀਆਂ ਦੀ

ਗਿਣਤੀ, ਕੋਈ ਪਾਬੰਦੀ ਨਹੀਂ । ਕਵੀਸ਼ਰਾਂ ਦੀ ਇਕ ਟੋਲੀ ਜਿਸ ਨੂੰ ਜੱਥਾ ਕਿਹਾ ਜਾਂਦਾ ਹੈ, ਵਿਚ ਅਕਸਰ ਤਿੰਨ ਵਿਅਕਤੀ ਹੁੰਦੇ ਹਨ, ਜਿਨ੍ਹਾਂ ਵਿਚੋਂ ਇਕ ਮੁਖੀ ਹੁੰਦਾ ਹੈ ਜਿਹੜਾ ਸ੍ਰੋਤਿਆਂ ਨੂੰ ਸੁਣਾਈ ਜਾਣ ਵਾਲੀ ਕਥਾ ਦੀ ਵਿਆਖਿਆ ਕਰਦਾ ਹੈ ਤੇ ਫਿਰ ਅਗਲੀ ਗੱਲ ਛੰਦਾਬੰਦੀ ਵਿਚ ਪੇਸ਼ ਕਰਨ ਲਈ ਆਪਣੇ ਸਹਾਇਕ ਸਾਥੀਆਂ ਨੂੰ ਅੱਗੇ ਲਿਆਉਂਦਾ ਹੈ। ਅਗੋਂ ਉਹ ਫਿਰ ਦੋ ਹਿੱਸਿਆਂ ਵਿਚ ਵੰਡੇ ਹੋਏ ਹੁੰਦੇ ਹਨ। ਮੌਕੇ ਦੀ ਲੋੜ ਅਨੁਸਾਰ ਛੰਦ ਦੀ ਅੱਧੀ ਜਾਂ ਪੂਰੀ ਸਤਰ ਇਕ ਜਣਾ ਗਾਉਂਦਾ ਹੈ ਤੇ ਬਾਕੀ ਦੀ ਅੱਧੀ ਜਾਂ ਅਗਲੀ ਪੂਰੀ, ਦੂਜਾ ਸਾਥੀ। ਜਦੋਂ ਕਿਸੇ ਸਤਰ ਨੂੰ ਇਹ ਦੋਵੇਂ ਜਣੇ ਰਲ ਕੇ ਗਾਉਂਦੇ ਤੇ ਗਾਉਣ ਦੀ ਚਾਲ ਨੂੰ ਹੌਲੀ-ਹੌਲੀ ਮੱਠੀ ਕਰੀ ਜਾਂਦੇ ਹਨ ਤਾਂ ਸ੍ਰੋਤਿਆਂ ਨੂੰ ਛੰਦ ਦੇ ਭੋਗ ਪੈਣ ਦਾ ਸੰਕੇਤ ਮਿਲ ਜਾਂਦਾ ਹੈ।

ਪੇਸ਼ ਕੀਤੀ ਜਾਣ ਵਾਲੀ ਕਵੀਸ਼ਰੀ ਆਮ ਹਾਲਤਾਂ ਵਿਚ ਜੱਥੇ ਦੇ ਮੁਖੀ ਕਵੀਸ਼ਰ ਦੀ ਆਪਣੀ ਰਚਨਾ ਹੀ ਹੁੰਦੀ ਹੈ ਪਰ ਕਈ ਵਾਰ ਕੋਈ ਛੰਦ ਦੂਜੇ ਸਾਥੀ ਜਾਂ ਸਾਰੇ ਸਾਥੀਆਂ ਦੀ ਸਾਂਝੀ ਰਚਨਾ ਵੀ ਹੋ ਸਕਦਾ ਹੈ।

ਕੋਈ ਵੀ ਕਵੀਸ਼ਰੀ ਜੱਥਾ, ਆਪਣੇ ਸ੍ਰੋਤਿਆਂ ਅੱਗੇ ਪੇਸ਼ ਕਰਨ ਲਈ ਕਿਸੇ ਅਜਿਹੀ ਸਾਖੀ ਜਾਂ ਘਟਨਾ ਦੀ ਚੋਣ ਕਰਦਾ ਹੈ, ਜਿਸ ਦਾ ਕਥਾਨਕ ਲੰਮੇਰਾ ਹੋਵੇ ਤਾਂ ਕਿ ਸ੍ਰੋਤਿਆਂ ਨੂੰ ਕੀਲ ਕੇ ਬਿਠਾਇਆ ਜਾ ਸਕੇ । ਬਹੁਤੀਆਂ ਹਾਲਤਾਂ ਵਿਚ ਇਹ ਘਟਨਾ ਇਤਿਹਾਸ ਵਿਚੋਂ ਲਈ ਗਈ ਹੁੰਦੀ ਹੈ ਜਿਸ ਨੂੰ ਕਵੀਸ਼ਰ ਕਲਪਨਾ ਸ਼ਕਤੀ ਤੇ ਵਿਦਵਤਾ ਸਹਾਰੇ ਗਿਆਨ ਭਰਪੂਰ ਤੇ ਰੋਚਿਕ ਬਣਾ ਦਿੰਦਾ ਹੈ। ਕਵੀਸ਼ਰੀ ਵਿਚ ਘਟਨਾ ਦੇ ਸਹੀ ਇਤਿਹਾਸਿਕ ਰੂਪ ਨੂੰ ਕਾਇਮ ਰੱਖਣਾ ਨਾ ਤਾਂ ਜ਼ਰੂਰੀ ਹੁੰਦਾ ਹੈ ਤੇ ਨਾ ਹੀ ਸੰਭਵ, ਜਿਸ ਕਰਕੇ ਇਹ ਕਲਪਨਾ ਯੁਕਤ ਇਤਿਹਾਸ ਦਾ ਰੂਪ ਧਾਰਨ ਕਰ ਲੈਂਦੀ ਹੈ। ਆਮ ਸ੍ਰੋਤਾ ਇਸ ਨੂੰ ਇਤਿਹਾਸ ਹੀ ਕਿਆਸਦਾ ਹੈ। ਇਸੇ ਲਈ ਆਮ ਲੋਕ ਇਸ ਕਲਪਨਾ ਯੁਕਤ ਇਤਿਹਾਸ ਨੂੰ ਪ੍ਰਸੰਗ ਕਹਿੰਦੇ ਹਨ। ਜਿਵੇਂ ਪ੍ਰਸੰਗ ਪੰਜਾ ਸਾਹਿਬ, ਚੰਦੂ ਦੀ ਨੂੰਹ ਦਾ ਪ੍ਰਸੰਗ ਆਦਿ। ਜੋਧਿਆਂ, ਜੁਧਾਂ ਜਾਂ ਅਨਿਆਇ ਤੇ ਜਬਰ ਦਾ ਸ਼ਿਕਾਰ ਹੋਣ ਵਾਲੀਆਂ ਰੂਹਾਂ ਦੀ ਉਸਤਤ ਵਿਚ ਲਿਖੇ ਗਏ ਵਰਨਨਾਂ ਨੂੰ ਪ੍ਰਸੰਗ ਹੋਣ ਦੇ ਬਾਵਜੂਦ ਇਕ ਵਿਸ਼ੇਸ਼ ਨਾਂ ਦਿੱਤਾ ਗਿਆ ਹੈ 'ਸਾਕਾ' ਜਾਂ 'ਸ਼ਹੀਦੀ ਸਾਕਾ' ਜਿਵੇਂ ਸਾਕਾ ਸਰਹੰਦ, ਸਾਕਾ ਆਨੰਦਪੁਰ, ਸਾਕਾ ਮਲੇਰਕੋਟਲਾ ਆਦਿ।

ਕਵੀਸ਼ਰੀ ਵਿਚ ਛੰਦਾਂ ਦੀ ਚੋਣ, ਸ਼ਬਦਾਵਲੀ ਦਾ ਢੁਕਵਾਂਪਣ ਤੇ ਵਰਨਨ ਢੰਗ ਹਰ ਕਵੀਸ਼ਰ ਦਾ ਆਪੋ ਆਪਣਾ ਹੁੰਦਾ ਹੈ ਤੇ ਇਨ੍ਹਾਂ ਕਵੀਸ਼ਰੀ ਤਤਾਂ ਦੇ ਸ੍ਰੋਤਿਆਂ ਉਤੇ ਪੈਂਦੇ ਪ੍ਰਭਾਵਾਂ ਦੇ ਫਲਸਰੂਪ ਹੀ ਕਵੀਸ਼ਰ ਤੇ ਉਸ ਦੇ ਜੱਥੇ ਨੂੰ ਪ੍ਰਸਿੱਧੀ ਪ੍ਰਾਪਤ ਹੁੰਦੀ ਹੈ ਅਤੇ ਇਨ੍ਹਾਂ ਆਸਰੇ ਹੀ ਸੁਣਾਏ ਜਾ ਰਹੇ ਪ੍ਰਸੰਗ ਦੀ ਕਹਾਣੀ ਨੂੰ ਜਾਣਦਾ ਹੋਇਆ ਵੀ, ਘਟਨਾ ਦੇ ਅਗਲੇ ਹਿੱਸੇ ਦਾ ਵਰਨਨ ਕਵੀਸ਼ਰ ਦੇ ਮੂੰਹੋਂ ਸੁਣਨ ਲਈ ਉਤਸੁਕ ਹੋਇਆ ਸ੍ਰੋਤਾ ਕੀਲਿਆ ਬੈਠਾ ਰਹਿੰਦਾ ਹੈ।

ਕਵੀ ਦੀ ਕਵਿਤਾ ਅਤੇ ਕਵੀਸ਼ਰ ਦੀ ਕਵੀਸ਼ਰੀ, ਦੋਵੇਂ ਹੁੰਦੀਆਂ ਤਾਂ ਪਿੰਗਲ ਆਧਾਰਿਤ ਰਚਨਾਵਾਂ ਹਨ ਪਰ ਕਵਿਤਾ ਦੇ ਮੁਕਾਬਲੇ ਕਵੀਸ਼ਰੀ ਵਿਚ ਜੇ ਕਿਸੇ ਕਾਰਨ ਵੱਸ ਛੰਦ ਦੇ ਵਜ਼ਨ ਤੋਲ ਵਿਚ ਵਾਧਾ ਘਾਟਾ ਹੋ ਜਾਵੇ ਤਾਂ ਕਵੀਸ਼ਰ ਬਹੁਤਾ ਖਿਆਲ ਨਹੀਂ ਕਰਦਾ ਕਿਉਂਕਿ ਇਕ ਤਾਂ ਕਵਿਤਾ ਵਾਂਗ ਇਹ ਆਲੋਚਕਾਂ ਦੇ ਵੱਸ ਨਹੀਂ ਪੈਂਦੀ ਹੁੰਦੀ। ਦੂਜੇ ਇਹ ਕਿਸੇ ਦੂਸਰੇ ਪਾਠਕ ਨੇ ਨਹੀਂ ਪੜ੍ਹਨੀ ਹੁੰਦੀ ਜਿਸ ਨੂੰ ਸਕਤਾ ਪੈਦਾ ਹੋਵੇ ਸਗੋਂ ਕਵੀਸ਼ਰ ਦੇ ਆਪਣੇ ਜੱਥੇ ਨੇ ਹੀ ਸੁਣਾਉਣੀ ਹੁੰਦੀ ਹੈ ਜਿਸ ਨੂੰ ਇਸ ਵਾਧੇ ਘਾਟੇ ਦਾ ਗਿਆਨ ਹੁੰਦਾ ਹੀ ਹੈ ਤੇ ਇਸੇ ਕਰਕੇ ਜੱਥੇ ਵਾਲੇ ਜੁਗਤੀ ਨਾਲ ਇਸ ਵਾਧੇ ਘਾਟੇ ਨੂੰ ਸਮੋ ਜਾਂਦੇ ਹਨ, ਜਿਸ ਨੂੰ ਕੋਈ ਵਿਦਵਾਨ ਸ੍ਰੋਤਾ ਹੀ ਸਮਝ ਸਕਦਾ ਹੈ।

ਸਟੇਜੀ ਜਾਂ ਕਿਸਾ ਕਾਵਿ ਨਾਲੋਂ ਕਵੀਸ਼ਰੀ ਦਾ ਇਕ ਭਾਸ਼ਾਈ ਅੰਤਰ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਉਦਾਹਰਨ ਵਜੋਂ ਕਵੀਸ਼ਰ ਕਈ ਵਾਰ ਲਿਖਤੀ, ਟਕਸਾਲੀ ਸ਼ਬਦਾਂ ਦੀ ਥਾਂ ਬੋਲਚਾਲ ਦੀ ਭਾਸ਼ਾ ਦੇ ਪ੍ਰਯੋਗ ਦੀ ਖੁੱਲ੍ਹ ਵੀ ਲੈ ਲੈਂਦਾ ਹੈ। ਵਿਸ਼ਰਾਮ ਚਿੰਨ੍ਹਾਂ ਦਾ ਕੰਮ ਸ਼ਬਦਾਂ ਜਾਂ ਇਸ਼ਾਰਿਆਂ ਨਾਲ ਸਾਰ ਲਿਆ ਜਾਂਦਾ ਹੈ, ਪਰ ਕਵੀਸ਼ਰੀ ਤੋਂ ਬਿਨਾਂ ਹੋਰ ਕਿਸੇ ਵੀ ਕਿਸਮ ਦੀ ਕਾਵਿ ਰਚਨਾ ਵਿਚ ਇਹ ਰੀਤ ਸੰਭਵ ਨਹੀਂ ਹੈ।

**ਨਾਮਧਾਰੀ ਸਮੁਦਾਇ ਅਤੇ ਕਵੀਸ਼ਰੀ**

ਆਮ ਪੰਜਾਬੀ ਪਾਠਕਾਂ ਵਿਚ ਨਾਮਧਾਰੀਆਂ ਦੇ ਸਹੀ ਇਤਿਹਾਸ ਦੀ ਜਾਣਕਾਰੀ ਨਹੀਂ ਹੈ। ਨਾਮਧਾਰੀਆਂ ਨੇ ਮਹਾਂਕਵੀ, ਨਾਟਕਕਾਰ, ਗਲਪਕਾਰ, ਵਿਆਖਿਆਕਾਰ ਤੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰਨ ਵਾਲੇ ਲੇਖਕ, ਆਲੋਚਕ ਤੇ ਅਨੁਵਾਦਕ ਵੀ ਪੈਦਾ ਕੀਤੇ ਹਨ। ਇਨ੍ਹਾਂ ਵਿਚ ਕਿੱਸਾਕਾਰ ਵੀ ਹੋ ਚੁੱਕੇ ਹਨ। ਇਸੇ ਤਰ੍ਹਾਂ ਕਵੀਸ਼ਰੀ ਦਾ ਖੇਤਰ ਵੀ ਇਨ੍ਹਾਂ ਨੇ ਸੁੰਞਾਂ ਨਹੀਂ ਰਹਿਣ ਦਿੱਤਾ।

ਇਹ ਪ੍ਰਸ਼ਨ ਸੁਭਾਵਿਕ ਹੀ ਉਠਦਾ ਹੈ ਕਿ ਨਾਮਧਾਰੀ ਸਮੁਦਾਇ ਨੇ ਕਵੀਸ਼ਰੀ ਦੀ ਲੋੜ ਕਿਉਂ ਅਨੁਭਵ ਕੀਤੀ ?

੧੮੫੭ ਈ. ਵਿਚ ਨਾਮਧਾਰੀ ਲਹਿਰ ਦੇ ਜਨਮ ਤੋਂ

ਲੈ ਕੇ ਦੇਸ਼ ਦੇ ਗਲੋਂ ਗੁਲਾਮੀ ਲਹਿ ਜਾਣ ਤੱਕ ਨਾਮਧਾਰੀਆਂ ਨੇ ਦੇਸ਼ ਵਿਚੋਂ ਬਦੇਸ਼ੀ ਹਾਕਮਾਂ ਦਾ ਸਫਾਇਆ ਕਰਨ ਤੇ ਪੰਜਾਬ ਵਿਚ ਸਿਖ ਰਾਜ ਦੀ ਪੁਨਰ ਸਥਾਪਨਾ ਲਈ ਕਮਰ ਕੱਸੀ ਰੱਖੀ। ਇਸ ਲਈ ਅੰਗਰੇਜ਼ ਉਨ੍ਹਾਂ ਨੂੰ ਆਪਣੇ ਕੱਟੜ ਦੁਸ਼ਮਣ ਸਮਝਦੇ ਸਨ। ਬਾਕੀ ਦੇਸ਼ ਵਾਂਗ ਪੰਜਾਬ ਦੀ ਧਰਤੀ ਉਪਰ ਵੀ ਆਪਣੇ ਪੈਰ ਪੱਕੇ ਕਰਨ ਲਈ 'ਪਾੜੋ ਤੇ ਰਾਜ ਕਰੋ' ਦੇ ਆਪਣੇ ਹਥਿਆਰ ਦੀ ਵਰਤੋਂ ਤੋਂ ਉਹ ਕਦੇ ਅਵੇਸਲੇ ਨਹੀਂ ਸਨ ਹੁੰਦੇ। ਪੰਜਾਬ ਵਿਚ ਮੁਸਲਿਮ-ਹਿੰਦੂ ਮਜ਼੍ਹਬੀ ਫਸਾਦ, ਹਿੰਦੂ ਸਿਖਾਂ ਵਿਚਕਾਰ ਖਿਚੋਤਾਣ ਤੇ ਫਿਰ ਸਿਖਾਂ ਵਿਚਕਾਰ ਸੰਪ੍ਰਦਾਈ ਖ਼ੂੰਨ ਦੀ ਪਿਆਸ ਇਸੇ ਨੀਤੀ ਦੇ ਸਿੱਟੇ ਹੁੰਦੇ ਰਹੇ।

ਨਾਮਧਾਰੀਆਂ ਨੇ ਸਿਖ ਧਾਰਮਿਕ ਸੁਧਾਰਾਂ ਦਾ ਬੀੜਾ ਚੁਕਿਆ ਸੀ। ਜੇ ਕੋਈ ਮਰਾਤਬੇ ਵਾਲਾ ਸਿਖ ਉਨ੍ਹਾਂ ਦੇ ਕਿਸੇ ਕੰਮ ਜਾਂ ਰਹੁ-ਰੀਤ ਦੀ ਪ੍ਰਸੰਸਾ ਕਰ ਬੈਠਦਾ ਤਾਂ ਸਰਕਾਰ ਨੂੰ ਪਿੱਸੂ ਪੈ ਜਾਂਦੇ ਸਨ। ਲਗਦੀ ਵਾਹੇ ਸਰਕਾਰੀ ਅਮਲੇ ਫੈਲੇ ਦੀ ਓਨਾ ਚਿਰ ਨੀਂਦ ਹਰਾਮ ਹੀ ਰਹਿੰਦੀ ਜਿੰਨਾ ਚਿਰ ਇਸ ਦਾ ਕੋਈ ਇਲਾਜ ਨਾ ਕਢ ਲਿਆ ਜਾਂਦਾ, ਨਿਕੇ ਤੋਂ ਲੈ ਕੇ ਵਡੇ ਸਰਕਾਰੀ ਕਰਮਚਾਰੀਆਂ ਤੱਕ ਨਾਮਧਾਰੀਆਂ ਅਤੇ ਸਿਖਾਂ ਵਿਚਕਾਰ ਪਾੜਾ ਵਧਣ ਜਾਂ ਘਟਣ ਦਾ ਬੜੇ ਗਹੁ ਨਾਲ ਅਧਿਐਨ ਕਰਦੇ ਸਨ। ਉਦਾਹਰਨ ਵਜੋਂ ਲੈਫਟੀਨੈਂਟ ਗਵਰਨਰ ਪੰਜਾਬ ਦੀ ਇਕ ਰਿਪੋਰਟ ਵਿਚ ਇਹ ਗੱਲ ਉਭਰਵੇਂ ਰੂਪ ਵਿਚ ਦਰਜ ਹੈ ਕਿ ਹੁਣ ਕੱਟੜਪੰਥੀ ਸਿਖਾਂ ਅਤੇ ਕੂਕਿਆਂ ਵਿਚਕਾਰ ਪ੍ਰਸਪਰ ਵਿਰੋਧ ਨਹੀਂ ਰਿਹਾ। ਇਕ ਹੋਰ ਅਜਿਹੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗਊ ਬੁੱਧ ਦਾ ਵਿਰੋਧ ਕਰਨ ਅਤੇ ਰਾਇਕੋਟ ਅਤੇ ਅੰਮ੍ਰਿਤਸਰ ਦੇ ਬੁੱਚੜਬਧਾਂ ਦੇ ਫਲਸਰੂਪ ਚੰਗੇ ਘਰਾਣੇਦਾਰ ਹਿੰਦੂਆਂ ਜਦੋਂ ਕਿ ਸਿਖ ਰਾਜ ਦੀ ਪੁਨਰ ਸਥਾਪਨਾ ਦਾ ਉਦੇਸ਼ ਸਾਰੇ ਸਿੱਖਾਂ (ਜਿਹੜੇ ਅਜੇ ਆਪਣੀ ਰਵਾਇਤ ਨੂੰ ਭੁੱਲੇ ਨਹੀਂ) ਦੀਆਂ ਹਮਦਰਦ ਭਾਵਨਾਵਾਂ ਨੂੰ ਟੁੰਬਦੇ ਹਨ। ਸਰਕਾਰ ਦੀ ਕਰਾਮਾਤ ਹੀ ਸੀ ਕਿ ਸਿੱਖਾਂ ਦੇ ਕਥਿਤ ਉਚ ਵਰਗ ਨੇ ੨੨ ਮਾਰਚ ੧੮੭੨ ਨੂੰ ਅੰਮ੍ਰਿਤਸਰ ਵਿਚ ਕੀਤੇ ਦਰਬਾਰ ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਪੇਸ਼ ਕੀਤੇ ਆਪਣੇ ਸੁਆਗਤੀ ਭਾਸ਼ਨ ਵਿਚ ਇਹ ਉਲਾਂਭਾ ਧੋਂਦਿਆਂ ਆਖ ਦਿੱਤਾ ਸੀ ਕਿ "ਕੂਕੇ ਸਾਡੇ ਦੁਸ਼ਮਣ ਹਨ ਜਿਨ੍ਹਾਂ ਨੇ, ੧੮੫੭ ਦੇ ਗਦਰ ਸਮੇਂ ਅੰਗਰੇਜ਼ਾਂ ਦੀ ਮਦਦ ਕਰਨ ਬਦਲੇ ਮਲਕਾ ਦੀਆਂ ਨਜ਼ਰਾਂ ਵਿਚ ਸਿਖਾਂ ਨੂੰ ਪਹਿਲੀ ਕਤਾਰ ਵਿਚ ਖੜੇ ਹੋਣ ਵਾਲੀ ਪ੍ਰਾਪਤ ਹੋਈ ਸ਼ੁਹਰਤ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ।"

ਇਕ ਪਾਸੇ ਕੂਕਿਆਂ ਨੂੰ ਆਪਣੇ ਵਤਨੀ ਭਰਾਵਾਂ ਨਾਲੋਂ ਤੋੜਨ ਦੇ ਕੋਝੇ ਸਰਕਾਰੀ ਗ਼ਤਨ ਅਤੇ ਦੂਜੇ ਪਾਸੇ ਉਨ੍ਹਾਂ ਦੇ ਪਰਚਾਰ ਅਤੇ ਕਿਰਦਾਰ ਸੰਬੰਧੀ ਪਾਏ ਜਾ ਰਹੇ ਭਰਮ ਭੁਲੇਖਿਆਂ ਨੇ ਨਾਮਧਾਰੀਆਂ ਨੂੰ ਕਵੀਸ਼ਰੀ ਰਾਹੀਂ ਦੋਹਾਂ ਰਾਗਾਂ ਦੇ ਸਾਂਝੇ ਇਲਾਜ ਦੀ ਵਿਉਂਤ ਸੁਝਾਈ ਜਾਪਦੀ ਹੈ ਕਿਉਂਕਿ ਕਥਾ-ਕੀਰਤਨ ਤਾਂ ਉਹ ਪਹਿਲਾਂ ਕਰਦੇ ਹੀ ਸਨ ਪਰ ਇਹ ਗੁਰਬਾਣੀ ਤੱਕ ਹੀ ਸੀਮਿਤ ਹੁੰਦਾ ਸੀ। ਤਕਰੀਰਾਂ ਤੇ ਪਿਛੋਂ ਜਾ ਕੇ ਤਹਿਰੀਰਾਂ ਵੀ ਧਾਰਮਿਕ ਵਿਆਖਿਆ ਜਾਂ ਵਿਚਾਰਧਾਰਿਕ ਵਿਸ਼ਿਆਂ ਨਾਲ ਸੰਬੰਧਿਤ ਹੁੰਦੀਆਂ ਸਨ। ਨਾਲੇ ਕਵੀਸ਼ਰਾਂ ਨੇ ਗੈਰ-ਨਾਮਧਾਰੀ ਜਨਤਾ ਵਿਚ ਵੀ ਵਿਚਰਨਾ ਹੁੰਦਾ ਸੀ ਇਸ ਲਈ ਵੀ ਸੰਭਵ ਹੈ ਕਿ ਇਸੇ ਪ੍ਰਚਾਰ ਤੇ ਮਨੋਰੰਜਨ ਸਾਧਨ ਦੀ ਚੋਣ ਕੀਤੀ ਗਈ ਹੋਵੇ। ਇਤਿਹਾਸ ਵਾਸਤੇ ਪੰਥ ਪ੍ਰਕਾਸ਼ ਨਾਮਧਾਰੀਆਂ ਅਤੇ ਪੈਂਤੀਸ ਅਖਰੀ- ਦੋਵੇਂ ਕ੍ਰਿਤ ਬਾਬਾ ਕਾਹਲਾ ਸਿੰਘ ਹਨ। ਪਰ ਪੰਥ ਪ੍ਰਕਾਸ਼ ਸਮੁੱਚਾ ਇਤਿਹਾਸ ਹੋਣ ਕਾਰਨ ਕਿਸੇ ਇਕ ਘਟਨਾ ਨੂੰ ਪ੍ਰਸੰਗਿਕ ਤੌਰ ਤੇ ਉਸ ਵਿਚ ਨਹੀਂ ਸੀ ਲਿਆ ਜਾ ਸਕਦਾ। ਉਹ ਤਾਂ ਲੜੀਵਾਰ ਸੰਗਤ ਵਿਚ ਪੜ੍ਹਿਆ ਹੀ ਜਾ ਸਕਦਾ ਸੀ। ਕਿਸੇ ਪ੍ਰਸੰਗ ਨੂੰ ਵੱਖੋ-ਵੱਖ ਛੰਦਾਂ ਵਿਚ ਵਰਨਨ ਕਰਕੇ ਸ੍ਰੋਤਿਆਂ ਨੂੰ ਕੀਲਣ ਦਾ ਕੰਮ ਕਵੀਸ਼ਰ ਹੀ ਕਰ ਸਕਦਾ ਸੀ। ਪਹਿਲੇ ਦੌਰ ਦੇ ਨਾਮਧਾਰੀ ਕਵੀਸ਼ਰਾਂ ਵਿਚੋਂ ਇਸ ਵੇਲੇ ਕੋਈ ਵੀ ਸਾਡੇ ਵਿਚ ਮੌਜੂਦ ਨਹੀਂ, ਇਸ ਲਈ ਇਸ ਸੰਬੰਧ ਵਿਚ ਨਿਸਚਿਤ ਰੂਪ ਵਿਚ ਕੁਛ ਵੀ ਕਹਿ ਸਕਣਾ ਸੰਭਵ ਨਹੀਂ, ਕੇਵਲ ਕਿਆਸ ਹੀ ਕੀਤਾ ਜਾ ਸਕਦਾ ਹੈ ਕਿ ਇਹੋ ਜਿਹੀਆਂ ਪ੍ਰਸਥਿਤੀਆਂ ਵਿਚ ਤੇ ਇਹੋ ਜਿਹੇ ਕਾਰਨਾਂ ਤੋਂ ਪ੍ਰਭਾਵਿਤ ਹੋ ਕੇ ਹੀ ਨਾਮਧਾਰੀ ਸਿੰਘ ਕਵੀਸ਼ਰੀ ਦੇ ਮੈਦਾਨ ਵਿਚ ਉਤਰੇ ਹੋਣਗੇ।

ਕਵੀਸ਼ਰਾਂ ਦੀ ਬਹੁਸੰਮਤੀ ਮਾਲਵੇ ਵਿਚ ਹੋਈ ਮੰਨੀ ਜਾਂਦੀ ਹੈ। ਨਾਮਧਾਰੀ ਕਵੀਸ਼ਰ ਵੀ ਪੰਜਾਬ ਦੇ ਇਸੇ ਇਲਾਕੇ ਦੀ ਉਪਜ ਆਖੇ ਜਾ ਸਕਦੇ ਹਨ। ਆਪਣੇ ਰਚੇ 'ਸੰਤ ਖਾਲਸਾ' ਵਿਚ 'ਵਾਕ ਕਵੀਸ਼ਰ' ਸਿਰਲੇਖ ਦਾ ਪ੍ਰਯੋਗ ਤਾਂ ਕਵੀ ਹਰਨਾਮ ਸਿੰਘ ਬਗਲੀ ਵਾਲੇ ਨੇ ਵੀ ਕੀਤਾ ਹੈ, ਪਰ ਅਸਲ ਵਿਚ ਉਹ ਇਕੱਲਾ ਸੀ, ਕਵੀਸ਼ਰੀ ਨਾ ਕਰਦਾ ਸੀ ਨਾ ਇਕੱਲੇ ਤੋਂ ਹੋ ਹੀ ਸਕਦੀ ਹੈ, ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਉਸ ਦੀ ਇਹ ਰਚਨਾ ਕਿੱਸਾ-ਕਾਵਿ ਦੀਆਂ ਲੀਹਾਂ ਤੇ ਰਚੀ ਗਈ ਹੈ ਤੇ ਕਿੱਸਾਕਾਰਾਂ ਵਾਂਗ ਮਕੂਲਾ ਸ਼ਾਇਰ ਜਾਂ ਵਾਕ ਕਵੀ ਦੇ ਅਰਥਾਂ ਵਿਚ ਹੀ 'ਕਵੀਸ਼ਰ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਇਹੋ ਰੀਤ 'ਜਗਦਾ ਦੀਵਾ' ਵਿਚ ਡਾਕਟਰ

ਇੰਦਰ ਸਿੰਘ ਨੇ ਵੀ ਅਪਣਾਈ ਹੈ।

ਇਨ੍ਹਾਂ ਸਤਰਾਂ ਦੇ ਲੇਖਕ ਦੀ ਜਾਣਕਾਰੀ ਅਨੁਸਾਰ, ਨਾਮਧਾਰੀ ਕਵੀਸ਼ਰਾਂ ਦਾ ਪਹਿਲਾ ਜੱਥਾ 'ਭਗੌਤਿਆਂ ਦੀ ਜੋੜੀ' ਸੀ। ਜਿਸ ਵਿਚ ਕੁੰਦਨ ਸਿੰਘ 'ਭਗੌਤਾ', ਪਿੰਡ ਭਗਤਾ ਭਾਈ ਕਾ ਅਤੇ ਸੱਜਣ ਸਿੰਘ 'ਭਗੌਤਾ' ਪਿੰਡ ਕੋਠਾ ਗੁਰੂ- ਦੋ ਹੀ ਕਵੀਸ਼ਰ ਸਨ। ਇਨ੍ਹਾਂ ਵਿਚੋਂ ਕੁੰਦਨ ਸਿੰਘ 'ਭਗੌਤਾ' ਕਾਫੀ ਵਿਦਵਾਨ ਵਿਅਕਤੀ ਸੀ ਜੋ ਵੇਦਾਂਤ ਦਾ ਵੀ ਜਾਣੂ ਸੀ ਤੇ ਬ੍ਰਜ ਭਾਸ਼ਾ ਸਾਹਿਤ ਤੋਂ ਵੀ। ਇਸ ਲੇਖਕ ਦੇ ਵਿਦਿਆਰਥੀ ਜੀਵਨ ਸਮੇਂ ਉਹ ਇਸ ਦੇ ਘਰ ਵਿਚ ਮਹੀਨਾ ਮਹੀਨਾ ਭਰ ਰਹਿ ਕੇ ਆਮ ਸੰਗਤਾਂ ਨੂੰ 'ਹਨੂਮਾਨ ਨਾਟਕ' ਦੀ ਕਥਾ ਸੁਣਾਇਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ 'ਹਨੂਮਾਨ ਨਾਟਕ' ਦੀ ਕਥਾ ਕਰ ਸਕਣਾ ਵਿਦਵਤਾ ਦੀ ਕਸਵੱਟੀ ਸਮਝਿਆ ਜਾਂਦਾ ਸੀ। 'ਭਗੌਤੇ' ਹੋਰੀਂ ਦੱਸਿਆ ਕਰਦੇ ਸਨ ਕਿ ਉਹ ਗੈਰ-ਨਾਮਧਾਰੀ ਇਕੱਠਾਂ-ਸਮਾਗਮਾਂ ਵਿਚ ਕਵੀਸ਼ਰੀ ਕਰਨ ਜਾਇਆ ਕਰਦੇ ਸਨ। ਉਨ੍ਹਾਂ ਦੇ ਇਕ ਕੋਰੜਾ ਛੰਦ ਦੀਆਂ ਦੋ ਸੱਤਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ :

ਭਗੌਤਿਆਂ ਦੀ ਜੋੜੀ ਬੜੀ ਮਸ਼ਹੂਰ ਹੈ।
ਸਾਈਆਂ ਉਤੇ ਜਾਂਦੀ ਬੜੀ ਦੂਰ ਦੂਰ ਹੈ।

ਭਗੌਤਿਆਂ ਦੀ ਜੋੜੀ' ਨੂੰ ਛੰਦ ਅਤੇ ਸ਼ਬਦਾਂ ਨਾਲ ਕਈ ਤਰ੍ਹਾਂ ਦੀਆਂ ਖੇਡਾਂ ਖੇਡਣ ਦੀ ਆਦਤ ਵੀ ਸੀ। ਉਨ੍ਹਾਂ ਦਾ ਇਕ ਛੰਦ 'ਅਧਰ ਵਿਛੋੜਾ' ਹੈ ਜਿਸ ਨੂੰ ਪੜ੍ਹਨ ਸਮੇਂ ਪਾਠਕ ਦੇ ਬੁੱਲ੍ਹ ਪ੍ਰਸਪਰ ਜੁੜਦੇ ਨਹੀਂ। ਡੀਠ ਵਰਨ ਵੀ ਕਦੇ-ਕਦੇ ਕਰ ਲੈਂਦੇ ਸਨ ਅਰਥਾਤ ਜੋ ਨਜ਼ਾਰਾ ਅੱਖਾਂ ਨੇ ਸਾਹਮਣੇ ਦੇਖਣਾ ਉਸ ਨੂੰ ਉਸੇ ਸਮੇਂ ਕਵਿਤਾ ਵਿਚ ਬੰਨ੍ਹ ਕੇ ਸ੍ਰੋਤਿਆਂ ਦੇ ਅਗੇ ਸੁਣਾਈ ਜਾਣਾ। ਆਪਣੇ ਵਿਤ ਅਨੁਸਾਰ ਇਸ ਜੋੜੀ ਨੇ ਕਵੀਸ਼ਰੀ ਮੈਦਾਨ ਕਾਫ਼ੀ ਚਿਰ ਸੰਭਾਲੀ ਰੱਖਿਆ।

ਸੰਭਵ ਹੈ ਕਿ ਇਸ 'ਭਗੌਤਿਆਂ ਦੀ ਜੋੜੀ' ਵੱਲੋਂ ਬੁਢੇਪੇ ਵਿਚ ਪੈਰ ਰੱਖ ਲੈਣ ਪਿਛੋਂ ਸਾਈਆਂ ਭੁਗਤਾਉਣ ਤੋਂ ਅਸਮਰਥ ਹੋ ਜਾਣ ਕਾਰਨ ਅਤੇ ਉਨਾਂ ਤੋਂ ਉਤਸਾਹਿਤ ਹੋ ਕੇ ਸੂਬਾ ਬਹਾਲ ਸਿੰਘ ਪਿੰਡ ਰੋਡੇ ਦੀ ਕਵੀਸ਼ਰ ਜੋੜੀ ਮੈਦਾਨ ਵਿਚ ਉਤਰੀ ਹੋਵੇ। ਇਨ੍ਹਾਂ ਦੀ ਕਵੀਸ਼ਰੀ ਇਨ੍ਹਾਂ ਸਤਰਾਂ ਦੇ ਲੇਖਕ ਨੇ ਬਹੁਤ ਵਾਰੀ ਸੁਣੀ ਹੈ। ਬਹਾਲ ਸਿੰਘ ਹੋਰੀਂ ਨਾਮਧਾਰੀਆਂ ਵਿਚ ਪ੍ਰਤਿਸ਼ਿਠਤ ਵਿਅਕਤੀ ਤੇ ਪ੍ਰਭਾਵਸ਼ਾਲੀ ਵਿਅਕਤਿਤਵ ਦੇ ਮਾਲਕ ਸਨ। ਉਹੋ ਹੀ ਪ੍ਰਸੰਗ ਦਾ ਕਥਾਨਕ ਬੰਨ੍ਹਦੇ ਸਨ। ਕਵੀਸ਼ਰੀ ਵਿਚ ਸਾਥ, ਸਾਈਂ ਦਾਸ ਨਿਭਾਉਂਦਾ। ਇਸ ਕਵੀਸ਼ਰ ਜੱਥੇ ਵਿਚ ਇਕ ਦੋ ਗੱਲਾਂ ਵਿਲੱਖਣ ਸਨ। ਬਹਾਲ ਸਿੰਘ ਹੋਰੀ ਜੱਟ ਪਰਿਵਾਰ ਵਿਚੋਂ ਸਨ ਜਦ ਕਿ ਸਾਈਂ ਦਾਸ ਦਾ ਜਨਮ ਮਰਾਸੀ ਪਰਿਵਾਰ ਵਿਚ ਹੋਇਆ ਦੱਸਿਆ ਜਾਂਦਾ ਹੈ। ਉਸ ਦੇ ਤੇੜ ਨਾਮਧਾਰੀ ਕਾਟ ਦਾ ਕਛਹਿਰਾ ਹੁੰਦਾ, ਪਰ ਸਿਰ ਤੇ ਪੱਗ ਨੋਕ ਵਾਲੀ ਤੇ ਦਿਲ ਨਾਮਧਾਰੀ ਰੰਗਣ ਵਿਚ ਰੰਗਿਆ ਹੋਇਆ।

ਇਸ ਜੋੜੀ ਦੇ ਕਵੀਸ਼ਰੀ ਜੀਵਨ ਦਾ ਇਕ ਦਿਲਚਸਪ ਪਹਿਲੂ ਇਹ ਵੀ ਰਿਹਾ ਹੈ ਕਿ ਇਨ੍ਹਾਂ ਦਾ ਉਸਤਾਦ (ਮਾਲਵੇ ਦਾ ਕਵੀ) ਪੰਡਤ ਇਛਰੂ ਰਾਮ ਸੀ ਜਿਨ੍ਹਾਂ ਦੇ ਰਚੇ ਛੰਦ ਇਹ ਅਕਸਰ ਸੁਣਾਇਆ ਕਰਦੇ। ਉਸਤਾਦ ਪ੍ਰਤੀ ਨਿਸ਼ਠਾ ਅਜਿਹੀ ਰੱਖਦੇ ਸਨ ਕਿ ਅਖਾੜੇ ਵਿਚ ਕਿਸੇ ਛੰਦ ਜਾਂ ਪ੍ਰਸੰਗ ਤੋਂ ਪ੍ਰਸੰਨ ਹੋ ਕੇ ਜੇਕਰ ਕਿਸੇ ਬ੍ਰਾਹਮਣ ਨੇ ਰੁਪਏ ਦੋ ਰੁਪਏ ਦੀ ਵੇਲ ਕਰਵਾਉਣੀ ਤਦ ਇਹ ਉਸਤਾਦ ਦੀ ਕੁਲ ਵਿਚੋਂ ਹੋਣ ਕਰਕੇ ਉਸ ਦੀ ਵੇਲ ਤਾਂ ਕਰ ਦਿੰਦੇ ਪਰ ਪੈਸੇ ਨਹੀਂ ਸਨ ਲਿਆ ਕਰਦੇ। ਇਸੇ ਤਰ੍ਹਾਂ ਨਾਮਧਾਰੀ ਕੌਮੀ ਮੇਲਿਆਂ ਜਿਵੇਂ ਹੋਲਾ ਮਹੱਲਾ ਜਾਂ ਅੱਸੂ ਦਾ ਮੇਲਾ ਆਦਿ ਤੇ ਸ੍ਰੋਤਿਆਂ ਵੱਲੋਂ ਭੇਟਾ ਹੋਈ ਸਾਰੀ ਦੀ ਸਾਰੀ ਮਾਇਆ, ਗੁਰੂ ਕੇ ਲੰਗਰ ਵਿਚ ਪਾ ਦੇਣੀ ਵੀ ਉਨ੍ਹਾਂ ਦੀ ਪਿਰਤ ਰਹੀ ਹੈ।

ਨਾਮਧਾਰੀ ਇਤਿਹਾਸ ਤੋਂ ਬਾਹਰਲੇ ਕਈ ਪ੍ਰਸੰਗ ਸੁਣਾਉਂਦਿਆਂ ਵੀ ਇਨ੍ਹਾਂ ਨੂੰ ਕਈ ਵਾਰੀ ਦੇਖਿਆ-ਸੁਣਿਆ ਗਿਆ ਹੈ। ਬਹਾਲ ਸਿੰਘ ਹੋਰੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਚੁੱਕੇ ਹਨ ਤੇ ਸਾਈਂ ਦਾਸ ਬਿਰਧ ਹੋ ਚੁੱਕੇ ਹਨ। ਉਨ੍ਹਾਂ ਦੀ ਮਨੁੱਖ ਨੂੰ ਇਸ ਦੁਰਲੱਭ ਜਨਮ ਦੀ ਸੰਭਾਲ ਕਰਨ ਵਾਲੀ ਨਸੀਹਤ ਦੇਣ ਵਾਲੇ ਇਕ ਛੰਦ ਦੀ ਵੰਨਗੀ ਕਿਤੇ ਯਾਦ ਪਟਾਰੀ ਵਿੱਚੋਂ ਲੱਭੀ ਜਾ ਸਕੀ ਹੈ :

ਇਸ ਮਾਇਆ ਚੰਦਰੀ ਨੂੰ ਰਿਹਾ ਤੂੰ ਸਾਂਭ ਸਾਂਭ ਕੇ ਧਰਦਾ।
ਇਹ ਕੰਮ ਨਾ ਆਉਣੀ ਓਏ ਜੇ ਕੁਛ ਵਿਚੋਂ ਦਾਨ ਨਹੀਂ ਕਰਦਾ।
ਇਹ ਕਾਗ ਬਨੇਰੇ ਦਾ ਉਡ ਜੂ ਜਿਉਂ ਬੱਦਲਾਂ ਦੀ ਛਾਇਆ।
ਇਹ ਜਨਮ ਅਮੋਲਕ ਹੈ ਹੀਰਾ ਭਾਗ ਨਾਲ ਹੱਥ ਆਇਆ।

ਬਹਾਲ ਸਿੰਘ ਹੋਰਾਂ ਦੇ ਮੈਦਾਨ ਵਿਚ ਹੁੰਦਿਆਂ ਹੀ ਇਕ ਕਵੀ ਜੀਵਣ ਸਿੰਘ ਨੂੰ ਕਵੀਸ਼ਰੀ ਦਾ ਸ਼ੌਕ ਜਾਗ ਪਿਆ। ਉਨ੍ਹਾਂ ਦੇ ਲੜਕੇ ਹਰਵੇਲ ਸਿੰਘ ਤੇ ਸਾਥੀ ਸਵਿੰਦਰ ਸਿੰਘ ਨੇ ਪਿਛਲੀ ਜੋੜੀ ਵਾਲੀ ਰੀਤ ਤੋੜ ਕੇ ਤ੍ਰਿਕੜੀ ਬਣਾਈ ਅਤੇ ਮੈਦਾਨ ਮੱਲਣਾ ਸ਼ੁਰੂ ਕੀਤਾ । ਇਹ ਤ੍ਰਿਕੜੀ ਛੇਤੀ ਹੀ ਹਰਮਨ ਪਿਆਰੀ ਹੋ ਕੇ ਨਾਮਧਾਰੀਆਂ ਵਿਚ ਛਾ ਗਈ। ਜੀਵਣ ਸਿੰਘ ਹੋਰੀਂ ਅਜੇ ਕੁਛ ਮਹੀਨੇ ਪਹਿਲਾਂ ਹੀ ਅਕਾਲ ਪੁਰਖ ਨੂੰ ਪਿਆਰੇ ਹੋਏ ਹਨ, ਪਰ ਉਨ੍ਹਾਂ ਦਾ ਜੱਥਾ ਪੰਜਾਬੀ ਸ੍ਰੋਤਿਆਂ ਦੀ ਸੇਵਾ ਜਿਉਂ ਦੀ ਤਿਉਂ ਕਰਦਾ ਆ ਰਿਹਾ ਹੈ।

ਪਹਿਲਾਂ ਹੋ ਚੁੱਕੇ ਕਵੀਸ਼ਰਾਂ ਦੇ ਪ੍ਰਭਾਵ ਹੇਠ ਤੇ ਉਨ੍ਹਾਂ ਤੋ ਉਤਸ਼ਾਹ ਪ੍ਰਾਪਤ ਕਰਕੇ ਇਕ ਹੋਰ ਜੱਥਾ, ਪੰਜਾਬ ਸਿੰਘ ਹੀਰਾ ਸਿੰਘ ਦਾ ਵੀ ਕਾਇਮ ਹੋ ਚੁੱਕਾ ਹੈ ਜਿਸ ਤੋਂ ਭਵਿੱਖ ਵਿਚ ਨਵੀਆਂ ਪੁਲਾਂਘਾਂ ਦੀ ਆਸ ਬੱਝਦੀ ਹੈ।

**ਛੰਦ ਪ੍ਰਯੋਗ**

ਆਪਣੇ ਸਮਕਾਲੀ ਕਵੀਸ਼ਰਾਂ ਵਾਂਗ ਨਾਮਧਾਰੀ ਕਵੀਸ਼ਰਾਂ ਨੇ ਪਿੰਗਲ ਵਿਚਲੇ ਛੰਦਾਂ ਦਾ ਪ੍ਰਯੋਗ ਤਾਂ ਕਰਨਾ ਹੀ ਹੁੰਦਾ ਹੈ ਕਈ ਵਾਰੀ ਛੰਦ ਨੂੰ ਨਵਾਂ ਰੂਪ ਤੇ ਨਵਾਂ ਨਾਂ ਵੀ ਪ੍ਰਦਾਨ ਕਰ ਦਿਤਾ ਜਾਂਦਾ ਹੈ। ਕੁੰਦਨ ਸਿੰਘ 'ਭਗੌਤਾ' ਦੀ ਇਹ ਧਾਰਨਾ ਸੀ ਕਿ ਕਵੀ ਜਾਂ ਕਵੀਸ਼ਰ ਨੂੰ ਇਉਂ ਕਰਨ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਇਸੇ ਲਈ ਕਿੱਸਾ ਕਾਵਿ ਤੇ ਕਵੀਸ਼ਰੀ ਵਿਚ ਅਸੀਂ ਬਹੁਤ ਸਾਰੇ ਅਜਿਹੇ ਛੰਦਾਂ ਦਾ ਪ੍ਰਯੋਗ ਹੋਇਆ ਦੇਖਦੇ ਹਾਂ ਜਿਹੜੇ ਪਿੰਗਲ ਵਿਚ ਨਹੀਂ ਮਿਲਦੇ ਜਿਵੇਂ ਕਲੀ, ਮਿਰਜ਼ਾ, ਡਿਉਢਾ ਜਾਂ ਡਿਉੜਾ ਅਦਿ। ਸ੍ਰੋਤਿਆਂ ਦੀ ਰੁਚੀ ਨੂੰ ਮੁੱਖ ਰੱਖ ਕੇ ਇਕੇ ਛੰਦ ਨੂੰ ਵੱਖ-ਵੱਖ ਢੰਗਾਂ ਨਾਲ ਪੇਸ਼ ਕਰਨ ਦੀ ਕਾਢ ਵੀ ਅਕਸਰ ਕਢੀ ਜਾਂਦੀ ਹੈ। ਬੈਂਤ, ਕਲੀ, ਕੋਰੜਾ, ਸਵੱਯਾ ਤੇ ਕਬਿਤ ਆਦਿ ਛੰਦ ਗਾਏ ਜਾਣ ਸਮੇਂ ਇਹ ਗੱਲ ਉਦਾਹਰਨਾਰਥ ਆਮ ਦੇਖੀ ਜਾ ਸਕਦੀ ਹੈ। ਆਮ ਕਰਕੇ ਇਹੋ ਛੰਦ ਕਵੀਸ਼ਰਾਂ ਦੀ ਤੋੜ ਭੰਨ ਤੋਂ ਬਚੇ ਹੋਏ ਜਾਪਦੇ ਹਨ।

**ਮੰਗਲਾਚਰਨ**

ਵਰਤਮਾਨ ਜੁੱਗ ਦੇ ਕਵੀਆਂ ਵਿਚੋਂ ਮੰਗਲਾਚਰਨ ਦਾ ਰਿਵਾਜ ਅਲੋਪ ਹੀ ਹੋ ਗਿਆ ਹੈ ਪਰ ਕਵੀਸ਼ਰਾਂ ਨੇ ਇਹ ਪਿਰਤ ਜੀਵੰਤ ਰਖੀ ਹੋਈ ਹੈ। ਹਰ ਕਵੀਸ਼ਰੀ ਜੱਥਾ ਅਖਾੜੇ ਵਿਚ ਜਾ ਕੇ ਪਹਿਲਾਂ ਆਪਣੇ ਇਸ਼ਟ ਦੇਵ ਦੀ ਅਰਾਧਨਾ ਕਰਕੇ ਜਿੱਥੇ ਆਪਣੀ ਬੌਧਿਕ ਉਚਿਆਈ ਦਾ ਦਾਨ ਮੰਗਦਾ ਹੈ ਉਥੇ ਆਪਣੇ ਰਚੇ ਛੰਦਾਂ ਨੂੰ ਉੱਤਮ ਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਇਤਾ ਯਾਚਨਾ ਵੀ ਕਰਦਾ ਹੈ। ਪਿਛਲੇ ਸਮਿਆਂ ਵਿਚ ਇਹ ਅਰਾਧਨਾ ਸਰਸਵਤੀ ਦੇਵੀ ਤੇ ਗਣੇਸ਼ ਆਦਿ ਤੋਂ ਆਰੰਭ ਹੁੰਦੀ ਸੀ ਪਰ ਸਿਖਾਂ ਦੀ ਟੇਕ ਗੁਰੂ ਘਰ ਤੇ ਹੁੰਦੀ ਹੈ। ਨਾਮਧਾਰੀ ਕਵੀਸ਼ਰ ਕਈ ਵਾਰੀ ਗੁਰੂ ਨਾਨਕ ਤੋਂ ਮੰਗਲਾਚਰਨ ਦਾ ਆਰੰਭ ਕਰਦੇ ਹਨ ਤੇ ਕਈ ਵਾਰੀ ਆਪਣੇ ਪੰਥ ਦੇ ਮੋਢੀ ਗੁਰੂ ਰਾਮ ਸਿੰਘ ਤੋਂ। ਇਹ ਮੰਗਲਾਚਰਨ ਕੇਵਲ ਮੰਗ ਪੱਤਰ ਦਾ ਨਮੂਨਾ ਹੀ ਨਹੀਂ ਹੁੰਦੇ ਸਗੋਂ ਗੁਰੂ ਦੀ ਮਹਿਮਾ ਨਾਲ ਓਤਪੋਤ ਹੁੰਦੇ ਹਨ। ਇਹ ਹਨ ਕਵੀਸ਼ਰ ਜੀਵਨ ਸਿੰਘ ਦੇ ਰਚੇ ਮੰਗਲਾਚਰਨ ਵਿਚੋਂ ਕੁਝ ਵੰਨਗੀਆਂ :

ਮਾਨਾਂਵਾਲੇ ਹੋਲੇ ਤੇ ਆ ਕੀਤੀ ਕਮਾਲ ਆ,
ਲਾਇਕੇ ਚਰਨ ਮੁੰਡੇ ਨੂੰ ਜਿਵਾਲਿਆ,
ਸੰਗਤਾਂ ਉਚਾਰਿਆ ਸੀ ਜੈ ਜੈ ਕਾਰ ਨੂੰ
ਬੰਦਨਾਂ ਮੈ ਕਰਾਂ ਚੀਨੀ ਅਸਵਾਰ ਨੂੰ।...
ਚੋਜੀ ਪਾਤਸ਼ਾਹ ਨੇ ਚੋਜ ਵਰਤਾਇਆ ਸੀ
ਬੁੱਚੜਾਂ ਦਾ ਨਾਸ ਸਿੰਘਾਂ ਤੋਂ ਕਰਾਇਆ ਸੀ
ਧਰਤੀ ਤੋਂ ਪਕੜ ਉਠਾਇਆ ਭਾਰ ਨੂੰ।
ਬੰਦਨਾਂ ਮੈਂ ਕਰਾਂ ਚੀਨੀ....

ਅਤੇ

ਚੀਂਟੀ ਜਿਉਂ ਸਾਗਰ ਤੁਰਨੇ ਦੀ,
ਮੈਂ ਹਿੰਮਤ ਕਰ ਲਈ ਭਾਰੀ ਆ
ਸ਼ਾਇਰੀ ਦੀ ਸਿਖ਼ਰ ਉਚੇਰੀ ਏ,
ਤੇ ਮੇਰੀ ਤੁਛ ਉਡਾਰੀ ਆ
ਰਸ ਰੂਪ ਸ਼ਿੰਗਾਰ ਨਾ ਲਗ ਮਾਤਰ
ਨਾ ਲਗਦੀ ਅਗਨੀ ਸਾਰੀ ਆ
ਬਲ ਬੁਧੀ ਓਟ ਸਵਾਰੀ ਤੇ
ਮੇਰੀ ਕਰਨੀ ਕੁਲ ਉਸਾਰੀ ਆ
...............ਖਾਨੇ ਵਿਚ ਖਰੀ ਮਜਾਰ ਹੋਵੇ।
ਮੇਹਰਾਂ ਦੀ ਵਰਖਾ ਕਰ ਦਾਤਾ,
ਮੇਰੀ ਕਾਵਿ ਬਸੰਤ ਬਹਾਰ ਹੋਵੇ....

ਨਾਮਧਾਰੀ ਕਵੀਸ਼ਰਾਂ ਦਾ ਮੁਖ ਟੀਚਾ ਤਾਂ ਨਾਮਧਾਰੀ ਵਿਚਾਰਧਾਰਿਕ ਤੇ ਇਤਿਹਾਸ ਪ੍ਰਚਾਰ ਹੀ ਕਿਹਾ ਜਾ ਸਕਦਾ ਹੈ। ਭਾਵੇਂ ਪਿਛਲੀ ਅੱਧੀ ਸੁਤੰਤਰ ਸਦੀ ਵਿਚ ਆਮ ਲੋਕਾਂ ਦੇ ਇਤਿਹਾਸ ਗਿਆਨ ਵਿਚ ਕਾਫ਼ੀ ਵਾਧਾ ਵੀ ਹੋਇਆ ਹੈ ਤੇ ਉਸ ਦੀ ਸੇਧ ਵਿਚ ਵੀ ਸੁਧਾਰ ਆਇਆ ਹੈ ਪਰ ਫਿਰ ਵੀ ਨਾਮਧਾਰੀ ਇਤਿਹਾਸਿਕ ਘਟਨਾਵਾਂ ਸੰਬੰਧੀ ਅਜੇ ਬਹੁਤ ਕੁਝ ਉੱਘਾ ਹੋਣ ਦੀ ਉਡੀਕ ਵਿਚ ਹੈ। ਪੜ੍ਹੇ ਲਿਖੇ ਲੋਕ ਵੀ ਹੁਣ ਤੱਕ ਨਾਨੂੰ ਸਿੰਘ ਗੜਵੱਈ ਨੂੰ ਸਰਕਾਰੀ ਗੁਪਤਚਰ ਵਿਭਾਗ ਦਾ ਆਦਮੀ ਆਖੀ ਜਾ ਰਹੇ ਹਨ। ਇਸੇ ਤਰ੍ਹਾਂ ਬਾਲਕ ਬਿਸ਼ਨ ਸਿੰਘ ਵੱਲੋਂ ਡਿਪਟੀ ਕਮਿਸ਼ਨਰ ਕਾਵਨ ਦੀ ਦਾੜ੍ਹੀ ਫੜ ਕੇ ਉਸ ਨੂੰ ਧਰਤੀ ਉਤੇ ਪਟਕਾਉਣ ਦੀ ਲੂੰ ਕੰਡੇ ਖੜ੍ਹੇ ਕਰਨ ਵਾਲੀ ਕਥਾ, ਜਿਸ ਦਾ ਜ਼ਿਕਰ ਕਾਵਨ ਨੇ ਆਪਣੇ ਮੁਰਾਤਬੇ ਨੂੰ ਧਿਆਨ ਵਿਚ ਰੱਖਦਿਆਂ ਕੁਛ ਹੋਰ ਫੇਰ ਨਾਲ ਕੀਤਾ ਹੈ। ਫੂਲ ਮਰਾਜ ਵਾਲੇ ਵਰਿਆਮ ਸਿੰਘ ਦਾ ਆਪਣੇ ਪੈਰਾਂ ਹੇਠਾਂ ਰੋੜੇ ਇੱਟਾਂ ਰੱਖ ਕੇ ਤੋਪ ਦੇ ਗੋਲੇ ਦੇ ਬਰਾਬਰ ਹੋਣ ਦੀ ਅਲੌਕਿਕ ਘਟਨਾ, ਬਰਨਾਲੇ ਵਾਲੇ ਨੱਥਾ ਸਿੰਘ ਵਰਿਆਮ ਸਿੰਘ ਸੰਧੂ ਨੂੰ ਤੋਪ ਦਾ ਗੋਲਾ ਮਾਰਨ ਵਾਲੇ ਉਨ੍ਹਾਂ ਦੇ ਆਪਣੇ ਮਾਮੇ ਛੰਨਾ ਵਾਲੇ ਹਰਨਾਮ ਸਿੰਘ ਵੱਲੋਂ ਤੋਪ ਖੜ੍ਹੀ ਕਰ ਦੇਣ ਦੀ ਭੇਦ ਭਰੀ ਘਟਨਾ, ਸੁਹੇਲ ਸਿੰਘ ਦਾ

ਆਪਣੇ ਨਿੱਕੇ ਭਣੇਵੇਂ ਹਰਨਾਮ ਸਿੰਘ ਨੂੰ ਪਿਠ ਉਤੇ ਚੁੱਕੇ ਹੋਣ ਸਮੇਂ ਤੋਪ ਅਗੇ ਹੋਣ ਦੀ ਦਰਦਨਾਕ ਘਟਨਾ ਆਦਿ ਸਭ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਗੱਲਾਂ ਹਨ।

ਨਾਮਧਾਰੀ ਇਤਿਹਾਸ ਜਿਵੇਂ ਸਪਸ਼ਟ ਹੀ ਹੋ ਚੁਕਾ ਹੈ, ਸਫਾਜੰਗਾਂ ਦੀ ਟਕ ਟਕ, ਤਲਵਾਰਾਂ ਦੀ ਕਟ-ਕਟ ਨਾਲ ਭਰਿਆ ਪਿਆ ਹੈ। ਫਾਂਸੀਆਂ ਦੇ ਰੱਸੇ ਥਾਂ-ਥਾਂ ਖਿਲਰੇ ਪਏ ਹਨ। ਤੋਪਾਂ ਦੇ ਗੋਲਿਆਂ ਦੀ ਗਰਜ ਕੰਨ ਬੋਲੇ ਕਰਦੀ ਹੈ, ਦੇਸ਼ ਲਈ ਮਰ ਮਿਟਣ ਵਾਲਿਆਂ ਦੇ ਖੂਨ ਨਾਲ ਧਰਤੀ ਲਾਲੋ ਲਾਲ ਹੋਈ ਪਈ ਹੈ। ਇਸ ਲਈ ਖੁਸ਼ੀ ਦੇ ਮੌਕੇ ਦੇ ਪ੍ਰਸੰਗਾਂ ਦੀ ਗਿਣਤੀ ਬਹੁਤੀ ਵੱਡੀ ਨਹੀਂ। ਬਸੰਤ ਉਤਸਵ, ਵਿਸਾਖੀ ਤੇ ਖਾਲਸਾ ਸਾਜਨ ਜਾਂ ਪੁਨਰ ਸਥਾਪਨਾ, ਭਾਈ ਰਾਇ ਸਿੰਘ ਦਾ ਪ੍ਰਸੰਗ, ਮਾਨਾਵਾਲਾ ਹੋਲਾ, ਹੋਲਾ ਆਨੰਦਪੁਰ ਆਦਿ ਕੁਛ ਕੁ ਪ੍ਰਮੁੱਖ ਪ੍ਰਸੰਗ ਹਨ।

ਸਾਕਿਆਂ ਜਾਂ ਦੁਖਾਂਤਿਕ ਪ੍ਰਸੰਗਾਂ ਵਿਚ ਅੰਮ੍ਰਿਤਸਰ ਵਿਚ ਬੁੱਚੜਬੱਧ, ਸਿੰਘਾਂ ਦੀ ਸ਼ਹੀਦੀ, ਜਨਵਰੀ ੧੮੭੨ ਵਿਚ ਹੋਇਆ ਮਲੇਰਕੋਟਲੇ ਦਾ ਹਮਲਾ, ਅਫਗਾਨਾਂ ਦਾ ਨਾਮਧਾਰੀਆਂ ਨਾਲ ਜੁਧ, ਕੋਟਲੇ ਦਾ ਸ਼ਹੀਦੀ ਸਾਕਾ, ਸਤਿਗੁਰੂ ਰਾਮ ਸਿੰਘ ਦਾ ਪ੍ਰਦੇਸਗਵਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਅੰਤਿਮ ਸਮੇਂ ਦਾ ਪ੍ਰਸੰਗ ਆਦਿ ਕੁਛ ਪ੍ਰਮੁੱਖ ਪ੍ਰਸੰਗ ਆਖੇ ਜਾ ਸਕਦੇ ਹਨ ਜਿਨ੍ਹਾਂ ਦੇ ਵਰਨਨ ਸਮੇਂ ਬਹੁਤ ਸਾਰੇ ਨਾਮਧਾਰੀ ਸੁੱਧ-ਬੁੱਧ ਭੁਲਾ ਕੇ ਮਸਤਾਨੇ ਹੋਏ ਦੇਖੇ ਜਾ ਸਕਦੇ ਹਨ।

ਸ਼ਹੀਦੀਆਂ ਵਿਚ ਮਲੇਰਕੋਟਲੇ ਦੇ ਸਾਕੇ ਦਾ ਦਰਜਾ ਬਹੁਤ ਉਚਾ ਮੰਨਿਆ ਜਾਂਦਾ ਹੈ। ਹਰੇਕ ਕਵੀਸ਼ਰ ਨੇ ਆਪੋ ਆਪਣੇ ਢੰਗ ਨਾਲ ਤੇ ਲੋਕ ਰੁਚੀ ਨੂੰ ਮੁਖ ਰੱਖਦਿਆਂ ਇਸ ਦੇ ਕਈ ਪਾਤਰਾਂ ਦੀ ਉਸਾਰੀ ਕੀਤੀ ਹੈ। ਕਾਵਨ ਦੀ ਨਿੰਦਿਆ ਬਿਨਾਂ ਇਹ ਸਾਕਾ ਅਗਾਂਹ ਤੁਰਨੋ ਅਸਮਰਥ ਰਹਿੰਦਾ ਹੈ। ਫੋਰਸਿਥ ਦਾ ਨਾਂ ਬਹੁਤ ਘੱਟ ਕਵੀਸ਼ਰੀ ਵਿਚ ਸੁਣਿਆ ਗਿਆ ਹੈ। ਕੁੰਦਨ ਸਿੰਘ 'ਭਗੌਤਾ' ਰਚਿਤ ਮਨੋਹਰ ਛੰਦ ਦੀ ਵੰਨਗੀ ਹਾਜ਼ਰ ਹੈ:

ਹੀਰਾ ਸਿੰਘ ਲੈਹਣਾ ਸਿੰਘ, ਕਢੇ ਬੁਚੜਾਂ ਦੇ ਵਿੰਗ,
ਕੱਸੇ ਵਾਂਗ ਸਪਰਿੰਗ, ਭਰੇ ਜੋ ਸਰੂਰ ਦੇ,
ਸਚਖੰਡ ਪਹੁੰਚੇ ਪਾਸ ਜਾ ਹਜ਼ੂਰ ਦੇ।
ਸੂਰੇ ਛਾਤੀਆਂ ਨੂੰ ਤਾਣ, ਖੜ੍ਹੇ ਤੋਪਾਂ ਅਗੇ ਆਣ,
ਤੋਪਾਂ ਲਾਹੀ ਜਾਣ ਘਾਣ, ਜਾਣ ਪਹਿਰੇ ਪੂਰ ਦੇ,
ਸਚਖੰਡ ਪਹੁੰਚੇ...
ਕੀਤਾ ਕਾਵਨ ਕਹਿਰ, ਵਿਚ ਕੋਟਲੇ ਸ਼ਹਿਰ,
ਹਥੀਂ ਬੀਜ ਕੇ ਜ਼ਹਿਰ, ਭਰੇ ਵੇ ਗਰੂਰ ਦੇ। ਸਚਖੰਡ ਪਹੁੰਚੇ...
ਕੀਤਾ ਖਾਲਸੇ ਨੇ ਹੱਲਾ, ਤੇ ਕਰਾਤੀ ਅੱਲਾ ਅੱਲਾ,
ਸ਼ਹਿਰ ਵਿਚ ਤਰਥੱਲਾ, ਮਾਰਦੇ ਤੇ ਘੂਰਦੇ।
ਸਚਖੰਡ ਪਹੁੰਚੇ ਪਾਸ ਜਾ ਹਜ਼ੂਰ ਦੇ।

ਅੰਬਾਲਾ ਦੇ ਕਮਿਸ਼ਨਰ ਥਾਮਸ ਫੋਰਸਿਥ ਵੱਲੋਂ ੧੭ ਜਨਵਰੀ ੧੮੭੨ ਨੂੰ ਪੁੱਛਗਿੱਛ ਲਈ ਲੁਧਿਆਣੇ ਬੁਲਾਏ ਜਾਣ ਤੇ ਗੁਰੂ ਰਾਮ ਸਿੰਘ ਨੇ ਭੈਣੀ ਸਾਹਿਬ ਤੋਂ ਆਪਣੀ ਪ੍ਰਸਿਧ ਚੀਨੀ ਘੋੜੀ ਦੀ ਥਾਂ, ਗੱਡੇ ਦੀ ਅਸਵਾਰੀ ਕਰਕੇ ਤੁਰਨ ਦੀ ਤਿਆਰੀ ਕੀਤੀ। ਆਪ ਦੇ ਇਸ਼ਾਰੇ ਤੇ ਜਾਨਾਂ ਵਾਰ ਦੇਣ ਦੀ ਦਲੇਰੀ ਤੇ ਹਿੰਮਤ ਰੱਖਣ ਵਾਲੇ ਨਾਮਧਾਰੀ ਅਧੀਰ ਹੋ ਕੇ ਕੱਪੜੇ ਪਾੜਨ ਅਤੇ ਧਰਤੀ 'ਤੇ ਸਿਰ ਪਟਕਣ ਲੱਗੇ। ਇਸ ਦਰਦਨਾਕ ਦ੍ਰਿਸ਼ ਨੂੰ ਆਪੋ ਆਪਣੀ ਵਿਦਵਤਾ ਤੇ ਖਿਆਲ ਉਡਾਰੀ ਦੇ ਆਸਰੇ ਹੋਰ ਵੀ ਦਰਦਨਾਕ ਢੰਗ ਨਾਲ ਬਿਆਨ ਕਰਨ ਵਿਚ ਨਾਮਧਾਰੀ ਕਵੀਸ਼ਰਾਂ ਨੇ ਕਮਾਲ ਕਰ ਦਿੱਤੀ ਹੈ। ਇਹ ਦ੍ਰਿਸ਼ ਵਰਨਨ ਸ੍ਰੋਤਿਆਂ ਦੇ ਦਿਲਾਂ ਨੂੰ ਅਜਿਹੀ ਧੂਹ ਪਾਉਂਦਾ ਹੈ ਕਿ ਇਕੱਠ ਦਾ ਮਾਹੌਲ ੧੮੭੨ ਵਿਚਲੇ ਮਾਹੌਲ ਦੇ ਨੇੜੇ ਜਾ ਢੁਕਦਾ ਹੈ। ਨਾਮਧਾਰੀ ਕਵੀਸ਼ਰਾਂ ਦਾ ਬ੍ਰਿਹਾ ਵਰਨਨ ਬਹੁਤ ਉੱਚ-ਕੋਟੀ ਦਾ ਕਿਹਾ ਜਾ ਸਕਦਾ ਹੈ। ਜਿਹੜਾ ਲਾਲਾ ਧਨੀ ਰਾਮ ਚਾਤ੍ਰਿਕ ਦੇ ਰਾਧਾ ਸੰਦੇਸ਼ ਵਿਚਲੇ ਵਿਯੋਗੀ ਤੱਤ ਦੀ ਬਰਾਬਰੀ ਕਰਦਾ ਹੋਇਆ ਕ੍ਰਿਸ਼ਨਾਵਤਾਰ ਵਿਚਲੇ ਗੋਪੀਆਂ ਦੇ ਬ੍ਰਿਹਾ ਵਰਨਨ ਦੇ ਲਾਗੇ ਪਹੁੰਚਦਾ ਨਜ਼ਰੀ ਪੈਂਦਾ ਹੈ। ਹੇਠਲੀ ਵੰਨਗੀ, ਜੀਵਨ ਸਿੰਘ ਕਵੀਸ਼ਰ ਰਚਿਤ ਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਪ੍ਰਸੰਗ ਵਿਚੋਂ ਹੈ :

ਜਿਸ ਵੇਲੇ ਪ੍ਰੀਤਮ ਨੇ ਕਰ ਲਈ ਗੱਡੇ ਦੀ ਅਸਵਾਰੀ ਏ।
ਓਸੇ ਵੇਲੇ ਸੰਗਤ ਦੇ ਵਿਚ ਮਚੀ ਹਾਹਾਕਾਰੀ ਏ।
ਤੁਰ ਚਲੇ ਹੋ ਕਿਧਰ ਦਾਤਾ ਪ੍ਰੇਮ ਦੀ ਫਾਹੀ ਪਾ ਕੇ ਤੇ ?
ਏਸ ਵਿਛੋੜੇ ਦੇ ਵਿਚ ਸੰਗਤ ਮਰ ਜਾਸੀ ਕੁਰਲਾ ਕੇ ਤੇ।
ਤੀਰ ਵਿਛੋੜੇ ਦੇ ਸਤਿਗੁਰ ਜੀ ਸੀਨੇ ਸਹਿਣ ਨ ਜੋਗੇ ਆ।
ਕੱਪੜੇ ਪਾੜ ਜਿਮੀ ਤੇ ਲੇਟਣ ਕਰਦੇ ਹਾਲ ਪੁਕਾਰਾ ਏ।
ਵਰਨ ਆਜ਼ਾਦੀ ਦੇਸ਼ ਦੀ ਖਾਤਰ ਤੁਰਿਆ ਦੇਸ ਦੁਲਾਰਾ ਏ।..
ਬਿਰਹੋ ਦੀ ਅਗਨੀ ਦੇ ਮਨ ਨੂੰ ਜਦੋਂ ਅਲੂੰਬੇ ਪੈਂਦੇ ਆ।
ਵਾਂਗ ਪਤੰਗਿਆਂ ਚਰਨਾਂ ਉਤੇ ਆ ਮਸਤਾਨੇ ਢਹਿੰਦੇ ਆ।
ਰੋ ਰੋ ਕੇ ਸਾਰੀ ਸੰਗਤ ਨੇ ਜ਼ਿਮੀ ਅਕਾਸ਼ ਰੁਆ ਦਿਤਾ।
ਕੋਨਾ-ਕੋਨਾ ਬ੍ਰਹਿਮੰਡਾਂ ਦਾ ਭੁੱਬਾਂ ਮਾਰ ਕੰਬਾ ਦਿਤਾ।
ਇਸ ਹਾਲਤ ਵਿਚ ਬੇਸੁਧ ਹੋ ਕੇ ਧਰਤੀ ਤੇ ਡਿਗ ਪੈਂਦੇ ਆ।
ਆਉਂਦੀ ਹੋਸ਼ ਜਦੋਂ ਨੇ ਉਠਦੇ ਫੇਰ ਜ਼ਬਾਨੋਂ ਕਹਿੰਦੇ ਆ।

ਸਾੜ ਦਿਆਂਗੇ ਸਾਮਰਾਜ ਨੂੰ ਮਾਰ ਵਿਯੋਗੀ ਨਾਰ੍ਹਾ ਏ।
ਵਰਨ ਆਜ਼ਾਦੀ ਦੇਸ਼ ਦੀ ਖਾਤਰ ਤੁਰਿਆ ਦੇਸ ਦੁਲਾਰਾ ਏ।

ਨਾਮਧਾਰੀ ਪੰਥ ਦੇ ਅਗਲੇਰੇ ਮੁਖੀ ਸਤਿਗੁਰੂ ਪ੍ਰਤਾਪ ਸਿੰਘ ਦੇ ਅਗਸਤ ੧੯੫੯ ਵਿਚ ਸਰੀਰ ਤਿਆਗਣ ਸਮੇਂ ਦੇ ਦ੍ਰਿਸ਼ ਵਰਨਨ ਵਿਚ ਵੀ ਅਜਿਹਾ ਬ੍ਰਿਹਾ ਦਰਦ ਸੁਣਨ ਨੂੰ ਮਿਲਦਾ ਹੈ। ਇਹ ਟੂਕਾਂ ਵੀ ਕਵੀਸ਼ਰ ਜੀਵਨ ਸਿੰਘ ਦੇ ਪ੍ਰਸੰਗ ਵਿਚੋਂ ਹੀ ਹਨ:

(ੳ) ਇਕ ਪਾਸੇ ਮੁਕਦਾ ਨਹੀਂ ਸਾਕਾ ਇਕਰਾਰ ਦਾ,
ਦੂਜੇ ਪਾਸੇ ਤਾਅਨਿਆਂ ਦੇ ਤੀਰ ਜਗ ਮਾਰਦਾ,
ਮੈਨੂੰ ਭੁੱਲ ਗਈਆਂ ਸਭ ਚਤਰਾਈਆਂ।
ਹੈਨ ਮੌਤ ਨਾਲੋਂ ਔਖੀਆਂ ਜੁਦਾਈਆਂ,
ਪਾਈਂ ਨਾ ਵਿਛੋੜਾ ਮਾਲਕਾ।

(ਅ) ਰੋਕਿਆਂ ਨਾ ਰੁਕਦੇ ਸੀ, ਆਂਸੂ ਨੈਣਾ ਰਾਹੀਂ ਚਲਦੇ,
ਸੱਲ੍ਹ ਰੈਣ ਵਿਛੋੜੇ ਦੇ, ਹਰਦਮ ਰਹਿਣ ਕਾਲਜੇ ਸੱਲਦੇ।
ਬਿਰਹੋਂ ਦੇ ਤੀਰ ਬੁਰੇ, ਦਸ਼ਰਥ ਕੀਤੀਆਂ ਅੰਤ ਚੜ੍ਹਾਈਆਂ।
ਭਾਣਾ ਕੀ ਵਰਤ ਗਿਆ, ਸੰਗਤਾਂ ਰੋ ਰੋ ਦੇਣ ਦੁਹਾਈਆਂ।

ਇਸ ਬ੍ਰਿਹਾ ਵਰਨਨ ਵਿਚ ਇਕ ਹਿੱਸਾ ਉਸ ਕਵੀਸ਼ਰੀ ਦਾ ਵੀ ਹੈ, ਜਿਸ ਵਿਚ ਆਪਣੇ ਗੁਰੂ ਦੇ ਵਿਛੋੜੇ ਦਾ ਦੁਖ ਤੇ ਮਿਲਣ ਦੀ ਤਾਂਘ ਪ੍ਰਗਟ ਕੀਤੀ ਗਈ ਹੈ। ਕੁੰਦਨ ਸਿੰਘ 'ਭਗੌਤਾ' ਦਾ ਰਚਿਆ ਡਿਓਢਾ ਛੰਦ ਇਸ ਦੀ ਵਧੀਆ ਉਦਾਹਰਨ ਆਖੀ ਜਾ ਸਕਦੀ ਹੈ:

ਛਡੇ ਘਰ ਬਾਰ ਨੌਰੇ, ਤੇਰੇ ਚਰਨਾਂ ਦੇ ਭੌਰੇ,
ਤੇ ਫਿਰਨ ਲਟਬੌਰੇ, ਜਗ ਤੋਂ ਨਿਰਾਲਿਆ,
ਮੁਖੜਾ ਦਿਖਾਈ ਆ ਕੇ ਚੀਨੀ ਵਾਲਿਆ।
ਤੇਰੀ ਸੰਗਤ ਪਿਆਰੀ, ਆ ਕੇ ਕਟ ਦੇ ਬਿਮਾਰੀ,
ਕੂਕਦੇ ਨੇ ਨਾਮਧਾਰੀ, ਭਾਨ ਤੋਂ ਉਜਾਲਿਆ,
ਮੁਖੜਾ ਦਿਖਾਵੀ ਆ ਕੇ ਚੀਨੀ ਵਾਲਿਆ।....
ਬਿਨਾਂ ਦਰਸ ਤੋਂ ਲਾਚਾਰ, ਚਿਤ ਰਹੇ ਬੇਕਰਾਰ,
ਹੋਰ ਕੌਣ ਲਵੇ ਸਾਰ ? ਦਿਲੋਂ ਕਿਉਂ ਭੁਲਾ ਲਿਆ,
ਮੁਖੜਾ ਦਿਖਾਵੀਂ ਆ ਕੇ ਚੀਨੀ ਵਾਲਿਆ।
ਤੂੰ ਹੈ ਦੁਨੀਆਂ ਦਾ ਵੈਦ, ਤੇਰੀ ਭਾਰੀ ਹੈ ਉਮੈਦ,
ਤੋੜ ਜ਼ਿੰਦਗੀ ਦੀ ਕੈਦ, ਭੈਣੀ ਸਾਹਿਬ ਵਾਲਿਆ।
ਮੁਖੜਾ ਦਿਖਾਵੀਂ ਆ ਕੇ ਚੀਨੀ ਵਾਲਿਆ।....

ਹਰੇਕ ਕਵੀਸ਼ਰ ਕੋਲ ਕੁਛ ਕਾਵਿ ਰਚਨਾਵਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਹੜੀਆਂ ਕਈ ਵਾਰੀ ਸਮਾਂ ਲੰਮੇਰਾ ਕਰਨ ਜਾਂ ਸ੍ਰੋਤਿਆਂ ਨੂੰ ਰਿਝਾਉਣ ਲਈ ਕਿਸੇ ਵੀ ਪ੍ਰਸੰਗ ਵਿਚ ਸੁਣਾਈਆਂ ਜਾ ਸਕਦੀਆਂ ਹਨ ਤੇ ਪ੍ਰਸੰਗ ਤੋਂ ਬਿਨਾਂ ਇਕੱਲੀਆਂ ਵੀ। ਇਨ੍ਹਾਂ ਵਿਚ ਆਮ ਲੋਕ ਰੁਚੀ ਦੀਆਂ ਗੱਲਾਂ ਹੁੰਦੀਆਂ ਹਨ। ਕੁੰਦਨ ਸਿੰਘ 'ਭਗੌਤਾ' ਰਚਿਤ 'ਦਲੀਆ' ਇਸ ਦੀ ਉਦਾਹਰਨ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

'ਦਲੀਆ' ਤੰਦਰੁਸਤ ਅਤੇ ਤੰਦਰੁਸਤੀ ਦੇ ਚਾਹਵਾਨ ਮਰੀਜ਼ਾਂ ਦੇ ਖਾਣ ਵਾਲਾ ਸਾਧਾਰਨ ਭੋਜਨ ਹੈ ਜੋ ਆਮ ਘਰਾਂ ਵਿਚ ਅਕਸਰ ਰਿੰਨ੍ਹਿਆ ਜਾਂਦਾ ਹੈ। ਦਲੀਆ ਰਿੰਨ੍ਹਦੇ ਭਾਵੇਂ ਸਾਰੇ ਹੀ ਹਨ ਪਰ ਬਹੁਤੇ ਘਰਾਂ ਵਿਚ ਦਲੀਆ ਬਣਾਉਣ ਦੀ ਅਸਲ ਕਲਾਕਾਰੀ ਤੋਂ ਅਗਿਆਨਤਾ ਪ੍ਰਧਾਨ ਹੁੰਦੀ ਹੈ ਜਿਸ ਕਰਕੇ ਕੁਚੱਜੀ ਔਰਤ ਦਾ ਬਣਾਇਆ ਹੋਇਆ ਦਲੀਆ ਕਈ ਵਾਰੀ ਖਾਣ ਵਾਲੇ ਵਿਅਕਤੀ ਦੇ ਸਰੀਰ ਵਿਚ ਉਹ ਰੋਗ ਪੈਦਾ ਕਰ ਦਿੰਦਾ ਹੈ, ਜਿਨ੍ਹਾਂ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਸੁਚੱਜੀ ਗ੍ਰਹਿਣੀ ਦਾ ਰਿੰਨ੍ਹਿਆ ਦਲੀਆ ਪ੍ਰਸਿਧ ਹੈ। ਇਸ ਲਈ 'ਭਗੌਤਾ' ਨੇ ਦਲੀਆ ਦੋ ਤਰ੍ਹਾਂ ਦਾ ਲਿਖਿਆ ਹੈ– ਕੁਚੱਜੀ ਅਤੇ ਸੁਚੱਜੀ ਗ੍ਰਹਿਣੀ ਦਾ ਜੋ ਪਿਛਲੇ ਦਹਾਕਿਆਂ ਵਿਚ ਨਾਮਧਾਰੀ ਇਕਠਾਂ ਵਿਚ ਪ੍ਰਸਿਧੀ ਪ੍ਰਾਪਤ ਪ੍ਰਸੰਗ ਰਿਹਾ ਹੈ। ਦੋਵੇਂ ਕਿਸਮ ਦੇ ਦਲੀਏ ਦੀ ਵੰਨਗੀ ਪੇਸ਼ ਹੈ :

ਜੇ ਕੋਈ ਸਿਆਣੀ ਦਲੀਆ ਰਿੰਨ੍ਹੇ, ਦਲੀਆ, ਪਾਣੀ, ਗੋਹੇ ਤਿੰਨ
ਰਖੇ ਦਿਲ ਦੇ ਵਿਚ ਜਮਾ ਕੇ। ਦੇਖੋ ਲੱਜ਼ਤ ਦਲੀਆ ਖਾ ਕੇ।
ਦਲ ਦਲੀਆ ਕਰਨਾ ਦੋ ਥਾਈਂ, ਨਿਕਾ ਮੋਟਾ ਦੋਹੀ ਰਾਹੀਂ
ਛਜ ਛਾਨਣੀ ਨਾਲ ਰਲਾ ਕੇ। ਦੇਖੋ ਲੱਜ਼ਤ...
ਮੋਟਾ ਦਲੀਆ ਪਹਿਲੇ ਪਾਵੇ, ਕੜਛੀ ਫੜਕੇ ਵਿਚ ਰਲਾਵੇ,
ਕੋਲੇ ਬਹਿ ਜਾਏ ਚਰਖਾ ਡਾਹ ਕੇ। ਦੇਖੋ ਲੱਜ਼ਤ...
ਚੰਗੀ ਹੋਵੇ ਸ਼ਕਰ ਛਾਦੀ, ਕਚੇ ਦੁੱਧ ਨਾ ਹੋਵੇ ਪਾਣੀ,
ਇਹੋ ਤਿੰਨੇ ਭਾਗ ਮਿਲਾ ਕੇ। ਦੇਖੋ ਲੱਜ਼ਤ ...
ਜੇਹੜਾ ਪੁਰਸ਼ ਹਮੇਸ਼ਾਂ ਖਾਵੇ, ਚੂਰਨ ਫੱਕੀ ਖੁਸ਼ੀ ਬਨ੍ਹਾਵੇ
ਦਵਾ ਨਹੀਂ ਲੈਣੀ ਨਬਜ਼ ਵਿਖਾ ਕੇ। ਦੇਖੋ ਲੱਜ਼ਤ....
ਜਿਸ ਘਰ ਟੱਬਰ ਸਾਰਾ ਖਾਵੇ, ਉਸ ਘਰ ਚੋਰ ਕਾਸ ਨੂੰ ਆਵੇ
ਪੈਂਦੇ ਹੈ ਨਹੀਂ ਬਾਰ ਅੜਾ ਕੇ। ਦੇਖੋ ਲੱਜ਼ਤ......
ਇਕ ਪਵੇ ਤੇ ਦੂਜਾ ਉਠੇ, ਚੋਰ ਕਿਵੇਂ ਉਨ੍ਹਾਂ ਨੂੰ ਲੁੱਟੇ
ਹਟਦੇ ਘੰਟਾ ਖਾਲ ਵਗਾ ਕੇ। ਦੇਖੋ ਲੱਜ਼ਤ ਦਲੀਆ ਖਾ ਕੇ।

ਭੀ ਤੇ ਹੁਣ ਦੇਖੋ ਕੁਚੱਜੀ ਦੇ ਰਿੰਨ੍ਹੇ ਹੋਏ ਦਲੀਏ ਦਾ ਸੁਆਦ:

ਇਕ ਨਾਨ ਸਾਜੋ ਜਦ ਦਲੀਏ ਦੀ ਕਰੇ ਤਿਆਰੀ,
ਖੇਡਾਂ ਲਗੇ ਪੌਣ ਮਦਾਰੀ,
ਸੁਣ ਢਮਕੀਰੀ ਚੜ੍ਹੇ ਉਨਮਾਦ।
ਇਉਂ ਦਲੀਆ ਨਹੀ ਹੁੰਦਾ ਸੁਆਦ।
8 ਨੰਧਰ ਤੋੜੀ ਕੁਢਲ ਜਿਉਂ ਛਿੜਦੀ,
ਘਰ ਘਰ ਫਿਰ ਗਈ ਮੁੜਦੀ ਘਿੜਦੀ
ਕੁਝ ਰਿੰਨ੍ਹਣ ਦੀ ਨਹੀਂ ਮੁਰਾਦ। ਇਉਂ ਦਲੀਆ...
ਤੀ ਕਾਹਲ 'ਚ ਬਾਲਣ ਬਾਹਲਾ ਪਾ ਕੇ,

ਕੋਲੇ ਕਰਤਾ ਥੱਲੇ ਲਾ ਕੇ,
ਕੜਛੀ ਫੇਰਨੀ ਰਹੀ ਨਾ ਯਾਦ। ਇਉਂ ਦਲੀਆ...
ਧਰ ਤੌੜੀ ਨਾ ਆਈ ਮੁੜਕੇ,
ਚੱਪਣ ਜਾ ਪਿਆ ਉਤੋਂ ਰੁੜ੍ਹ ਕੇ
ਉਬਲ ਸਾਰਾ ਗਿਆ ਬਰਬਾਦ। ਇਉਂ ਦਲੀਆ...
ਬਾਹਰੋਂ ਆ ਕੇ ਖਾ ਗਿਆ ਸੜਦਾ,
ਬਲ ਗਈ ਜੀਭ ਜਬਾੜੀ ਲੜਦਾ,
ਹੜਦਾ ਹੈ ਨਹੀਂ ਗਈ ਉਲਾਦ।
ਇਉਂ ਦਲੀਆ ਨਹੀਂ ਹੁੰਦਾ ਸੁਆਦ...

ਇਸੇ ਤਰ੍ਹਾਂ ਜੀਵਨ ਸਿੰਘ ਕਵੀਸ਼ਰ ਨੇ 'ਫੁਟ' ਉਤੇ ਆਪਣੀ ਕਲਮ ਅਜ਼ਮਾਈ ਹੈ। ਇਸ ਵਿਚ ਉਸ ਨੇ ਇਕ ਇਕ ਤੁਕ ਵਿਚ ਘਟਨਾ ਵੱਲ ਸੰਕੇਤ ਕਰਦਿਆਂ ਫੁਟ ਤੋਂ ਬਚਣ ਦੀ ਪ੍ਰੇਰਨਾ ਦਿਤੀ ਹੈ :

ਬੇੜਾ ਡੋਬਿਆ ਚੁਗਤਿਆਂ ਦਾ ਫੁੱਟ ਨੇ,
ਪਤ ਲੁਟੀ ਅਬਦਾਲੀਆਂ ਦੀ ਲੁਟ ਨੇ
ਗਿਆ ਤਖਤੇ ਤਾਊਸ, ਰਾਜ ਛੁੱਟ ਨੇ
ਤਾਜ ਹੀਰਿਆਂ ਜੜਤ ਪੈਰਾਂ 'ਚ ਲਿਤਾੜਤੇ।
ਫੁੱਟ ਚੰਦਰੀ ਨੇ ਘਰ ਵਸਦੇ ਉਜਾੜਤੇ।

ਇਹ ਹੈ ਭਗੌਤਿਆਂ ਦੀ ਇਕਠੀ ਕੀਤੀ ਸਦੀਵੀ ਸਚਾਂ ਦੀ ਪੰਡ ਦਾ ਨਮੂਨਾ :

ਬਾਣੀਏ ਕੰਗਾਲ ਨੂੰ ਨਾ ਛੇੜ ਲਈਏ ਹਟ ਵਿਚ,
ਖੇਤ ਹੋਵੇ ਜਟ ਆਖ ਚੌਧਰੀ ਬੁਲਾਈਏ
ਆਣਕੇ ਸਰਾਧਾਂ ਵਿਚ ਛੇੜੀਏ ਨਾ ਬਾਹਮਣਾ ਨੂੰ,
ਚਾਣਚੱਕ ਪੈਣ ਗਲ ਦੂਰੋਂ ਟਲ ਜਾਈਏ
ਗੱਡੀ ਉਤੇ ਬੈਠ ਕੇ ਨਾ ਵਜੀਏ ਤਖਾਣ ਨਾਲ,
ਐਰਨ ਦੇ ਉਤੇ ਨਾ ਲੁਹਾਰ ਨੂੰ ਅਕਾਈਏ।
ਬੈਠ ਕੇ ਪਹਾਰੇ ਚਤਰਾਈ ਕੀ ਸੁਨਾਰੇ ਨਾਲ
ਕੁੰਦਨ ਸਿੰਘਾਂ ਚੂਹੜੀ ਨੂੰ ਨਾ ਦੰਦੀਆਂ ਚੰਘਾਈਏ

ਜੀਵਨ ਸਿੰਘ ਕਵੀਸ਼ਰ ਨੇ ਪ੍ਰਯਾਗ ਤੀਰਥ ਵੱਲ ਧਿਆਨ ਕੇਂਦਰਿਤ ਕੀਤਾ ਤੇ ਸੰਗਤਾਂ ਨੂੰ ਉਸ ਦੀ ਮਹਾਨਤਾ ਤੋਂ ਜਾਣੂ ਕਰਵਾਉਣ ਦਾ ਜਤਨ ਕੀਤਾ ਹੈ:

ਭਾਰਤ ਦੇ ਵਿਚ ਤੀਰਥ ਅਠਾਹਠ ਆ।
ਦਿਉਤਿਆਂ ਬਣਾਏ ਕਰ ਪੂਜਾ ਪਾਠ ਆ,
ਤੁਲ ਤ੍ਰਿਬੇਣੀ ਦੇ ਨਾ ਹੋਰ ਜਾਣਿਆ।
ਸੋਭਾ ਪ੍ਰਯਾਗਰਾਜ ਦੀ ਮਹਾਨ ਆ।
ਗੰਗਾ, ਜਮਨਾ ਸੁਰਸਤੀ ਜੋ ਨਦੀਆਂ,
ਰਲੀਆਂ ਨੂੰ ਇਥੇ ਹੋ ਗਈਆਂ ਨੇ ਸਦੀਆਂ
ਇਕ ਦੂਜੀ ਵਿਚ ਤਿੰਨਾਂ ਦੇ ਪ੍ਰਾਣ ਆ। ਸੋਭਾ ਪ੍ਰਯਾਗਰਾਜ...
ਪਾ ਕੇ ਗਲਵੱਕੜੀ ਇਹ ਜਾਣ ਕਹਿੰਦੀਆਂ,
ਸੁਖੀ ਰਹਿਣ ਕੌਮਾਂ ਰਲ ਕੇ ਜੋ ਬਹਿੰਦੀਆਂ
ਦੇਸ ਵਾਸੀਆਂ ਨੂੰ ਕਰਦੀਆਂ ਬਿਆਨ ਆ। ਸੋਭਾ...
ਦੁਨੀਆ ਦੇ ਲੋਕ ਮੈਲ ਲਾਹੁਣ ਪਾਪਾਂ ਦੀ,
ਆਂਵਦੇ ਨੇ ਗੱਠੜੀ ਦਬਾਉਣ ਪਾਪਾਂ ਦੀ
ਹੋਂਵਦੇ ਪੁਨੀਤ ਕਰ ਇਸ਼ਨਾਨ ਆ।
ਸੋਭਾ ਪ੍ਰਯਾਗਰਾਜ ਦੀ ਮਹਾਨ ਆ।

ਸਿਖ ਇਤਿਹਾਸ ਨਾਲ ਸੰਬੰਧਿਤ ਪ੍ਰਸੰਗ ਵੀ ਇਨ੍ਹਾਂ ਦੀ ਕਵੀਸ਼ਰੀ ਦਾ ਹਿੱਸਾ ਹਨ। ਹੇਠਲੀ ਟੂਕ ਜੀਵਨ ਸਿੰਘ ਕਵੀਸ਼ਰ ਦੇ ਪ੍ਰਸੰਗ ਮਾਤਾ ਗੰਗਾ ਵਿਚੋਂ ਹੈ। ਆਪਣੇ ਜੇਠ ਪਿਰਥੀਏ ਦੇ ਮਿਹਣਿਆਂ ਤੋਂ ਦੁਖੀ ਹੋ ਕੇ ਪੁਤਰ ਪ੍ਰਾਪਤੀ ਲਈ ਮਾਤਾ ਗੰਗਾ ਗੁਰੂ ਅਰਜਨ ਦੇਵ ਜੀ ਅੱਗੇ ਤਰਲਾ ਕਰਦੇ ਹਨ ਪਰ ਸਵਾਮੀ ਹੋਰੀ ਉਨ੍ਹਾਂ ਨੂੰ ਬਾਬੇ ਬੁਢੇ ਵੱਲ ਤੋਰ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਅਵਤਾਰ ਨਾਲ ਸੰਬੰਧਿਤ ਇਹ ਪ੍ਰਸੰਗ ਅਨੇਕ ਕਵੀਸ਼ਰਾਂ ਨੇ ਬੜੇ ਲੰਮੇ ਚੌੜੇ ਆਕਾਰ ਵਿਚ ਲਿਖੇ ਹਨ। ਕਵੀ ਜੀਵਨ ਸਿੰਘ ਨੇ ਮਾਤਾ ਦਾ ਤਰਲਾ ਇਉਂ ਪੇਸ਼ ਕੀਤਾ ਹੈ:

ਡਿਗੀ ਗੁਰ ਅਰਜਨ ਦੇ ਚਰਨਾਂ ਤੇ ਉਹ ਕਹਿਣ ਲਗੀ
ਬੋਲ ਸ਼ਰੀਕਾ ਦੇ ਨਾ ਮੈਥੋਂ ਜਾਣ ਸਹਾਰੇ।
ਤਨ ਮਨ ਸੜ ਗਿਆ ਸੁਣ ਕੇ ਮਿਹਣੇ ਜੇਠ ਜਠਾਣੀ ਦੇ
ਮੇਰੀ ਛਾਤੀ ਉਤੇ ਭਖਦੇ ਵਾਂਗ ਅੰਗਾਰੇ।
ਸਾਡੀ ਜਾਇਦਾਦ ਦੇ ਮਾਲਕ ਸਮਝਣ ਆਪ ਨੂੰ
ਅੰਤਰ ਕਹਿ ਕਹਿ ਮਾਰਨ ਬੋਲ ਕਰਾਰੇ।
ਹੋ ਸਮਰਥ ਤੁਸੀਂ ਸਭ ਦਾਤਾਂ ਦੇਵਣ ਵਾਲੜੇ,
ਨਿਤ ਦੁਨੀਆਂ ਝੁਕਦੀ ਸਦਾ ਤੁਸਾਂ ਦੇ ਦੁਆਰੇ।
ਤੇਰੇ ਦਰ ਤੇ ਆਇਆ ਖਾਲੀ ਕੋਈ ਮੁੜਿਆ ਨਹੀਂ,
ਦੁਖੀਆਂ ਦੇ ਲਈ ਸੁਖ ਦੇ ਸਦਾ ਭੰਡਾਰੇ।
ਭਾਈ ਥੋਨੂੰ ਤੀਨ ਲੋਕ ਦੇ ਵਾਲੀ ਦੁਨੀਆਂ ਕਹਿੰਦੀ ਆ,
ਸੂਰਜ ਤਾਰੇ ਤੇ ਚੰਨ ਤੇਰੇ ਤਕਣ ਇਸ਼ਾਰੇ।
ਮੇਰੀ ਮਨ ਅਰਜ਼ੋਈ ਮਿਹਰ ਕਰੀਂ ਪਰਮੇਸ਼ਰਾ
ਕੋਈ ਮਾਈ ਭੇਖਾਂ ਬਾਰੇ ਆਦਮ ਜੋ ਤੈਂ ਤਾਰੇ।
ਤੇਰੇ ਹੁਕਮ 'ਚ ਚਲਦੀ ਸਦਾ ਈ ਕਲਮ ਵਿਧਾਤਾ ਦੀ
'ਜੀਵਨ' ਜੋਤ ਜਗਾ ਦੇ ਹੋ ਜਾਵਣ ਉਜਿਆਰੇ।

ਨਾਮਧਾਰੀ ਕਵੀਸ਼ਰੀ ਹੁਣ ਤੱਕ ਅਣਗੌਲੀ ਰਹੀ ਹੈ। ਇਸ ਸੰਬੰਧ ਵਿਚ ਉਪਰੋਕਤ ਚਰਚਾ ਨੂੰ ਸੰਪੂਰਨ ਸਰਵੇਖਣ ਨਹੀਂ ਕਿਹਾ ਜਾ ਸਕਦਾ। ਲੋੜ ਇਸ ਗੱਲ ਦੀ ਹੈ ਕਿ ਸਮੁਚੀ ਕਵੀਸ਼ਰੀ ਕਾਵਿ ਪਰੰਪਰਾ ਦੇ ਟਾਕਰੇ ਨਾਮਧਾਰੀ ਕਵੀਸ਼ਰੀ ਪ੍ਰਸੰਗਾਂ ਅਤੇ ਸਾਕਿਆਂ ਦਾ ਮੁਲਾਂਕਣ ਕੀਤਾ ਜਾਵੇ।

..................................................

# ਮਹਾਰਾਣੀ ਜਿੰਦ ਕੌਰ

ਸੁਖਦਿਆਲ ਸਿੰਘ

**ਪਿਛਲੇ ਅੰਕ ਦਾ ਬਾਕੀ ਹਿੱਸਾ**

ਇਸ ਨਾਲ ਰਾਜਾ ਹੀਰਾ ਸਿੰਘ ਦਾ ਹਰ ਹੁਕਮ ਬੜੀ ਜਲਦੀ ਨਾਲ ਲਾਗੂ ਹੁੰਦਾ ਸੀ ਅਤੇ ਉਸ ਦੇ ਵਿਰੋਧੀ ਦੀ ਗੱਲ ਦਬਾ ਲਈ ਜਾਂਦੀ ਸੀ। ਰਾਜਾ ਸੁਚੇਤ ਸਿੰਘ ਵੇਲੇ ਉਸ ਦਾ ਸੁਨੇਹਾ ਮਹਾਰਾਣੀ ਪਾਸ ਨਾ ਪਹੁੰਚਣ ਦਾ ਕਾਰਨ ਵੀ ਇਹੀ ਸੀ। ਰਾਜਾ ਹੀਰਾ ਸਿੰਘ ਦੀ ਤਾਕਤ ਵਿਚ ਸਿਰਫ ਮਹਾਰਾਣੀ ਹੀ ਦਖ਼ਲਅੰਦਾਜ਼ੀ ਕਰ ਸਕਦੀ ਸੀ ਇਸ ਕਰਕੇ ਇਸ ਜੋੜੀ ਨੇ ਮਹਾਰਾਣੀ ਦੇ ਖਿਲਾਫ਼ ਅਨੇਕਾਂ ਗੱਲਾਂ ਪਰਚਾਰੀਆਂ। ਇਹੀ ਪਰਚਾਰੀਆਂ ਗਈਆਂ ਗੱਲਾਂ ਅਖੀਰ ਨੂੰ ਅੰਗਰੇਜ਼ ਲਿਖਾਰੀਆਂ ਦੀਆਂ ਲਿਖਤਾਂ ਦਾ ਆਧਾਰ ਬਣ ਗਈਆਂ ਸਨ। ਇਨ੍ਹਾਂ ਗੱਲਾਂ ਵਿਚ ਮਹਾਰਾਣੀ ਦੇ ਇਸ਼ਕ ਦੇ ਕਿੱਸੇ ਫੈਲਾਏ ਗਏ। ਕਦੇ ਇਹ ਇਸ਼ਕ ਰਾਜਾ ਸੁਚੇਤ ਸਿੰਘ ਨਾਲ ਉਡਾਇਆ ਜਾਂਦਾ ਸੀ ਤੇ ਕਦੇ ਰਾਜਾ ਲਾਲ ਸਿੰਘ ਨਾਲ। ਕਦੇ ਮੰਗਲਾਂ ਨੂੰ ਬਦਚਲਣ ਔਰਤ ਕਹਿ ਕੇ ਭੰਡਿਆ ਜਾਂਦਾ ਸੀ ਕਿਉਂਕਿ ਉਹ ਮਹਾਰਾਣੀ ਸਾਹਿਬਾ ਦੀ ਆਵਾਜ਼ ਸੀ। ਇਨ੍ਹਾਂ ਇਸ਼ਕ ਦੇ ਕਿੱਸਿਆਂ ਨੂੰ ਹੋਰ ਪਕੇਰਾ ਕਰਨ ਲਈ ਕਦੇ ਮਹਾਰਾਣੀ ਸਾਹਿਬਾ ਦੇ ਗਰਭਧਾਰਨ ਕਰਨ ਦੀਆਂ ਅਫ਼ਵਾਹਾਂ ਫੈਲਾਈਆਂ ਜਾਂਦੀਆਂ ਅਤੇ ਕਦੇ ਗਰਭਪਾਤ ਕੀਤੇ ਜਾਣ ਦੀਆਂ। ਆਦਿ ਆਦਿ। ਇਹ ਗੱਲਾਂ ਇਸ ਮਨੋਰਥ ਲਈ ਪਰਚਾਰੀਆਂ ਜਾਂਦੀਆਂ ਸਨ ਤਾਂ ਕਿ ਮਹਾਰਾਣੀ ਫੌਜ ਵਿਚ ਬਦਨਾਮ ਹੋ ਜਾਵੇ ਅਤੇ ਫੌਜ ਉਸ ਨਾਲੋਂ ਪੂਰੀ ਤਰ੍ਹਾਂ ਟੁੱਟ ਜਾਵੇ। ਪਰ ਮਹਾਰਾਣੀ ਇਤਨੇ ਦਰਿੜ ਵਿਸ਼ਵਾਸ਼ ਵਾਲੀ ਸੀ ਕਿ ਉਹ ਫੌਜੀ ਰਜਮੈਂਟਾਂ ਦੇ ਵਿਚ ਜਾ ਕੇ ਇਨ੍ਹਾਂ ਸਾਰੀਆਂ ਗੱਲਾਂ ਦਾ ਖੰਡਨ ਕਰਦੀ ਸੀ।

ਇਸ ਗੱਲ ਦਾ ਸਬੂਤ ਇਸ ਤੱਥ ਤੋਂ ਮਿਲ ਜਾਂਦਾ ਹੈ ਕਿ ਜਦੋਂ ਰਾਜਾ ਹੀਰਾ ਸਿੰਘ ਅਤੇ ਪੰਡਤ ਜੱਲਾ ਦੀਆਂ ਗੰਦੀਆਂ ਗੱਲਾਂ ਮਹਾਰਾਣੀ ਦਾ ਕੁਝ ਵੀ ਨਾ ਬਿਗਾੜ ਸਕੀਆਂ ਤਾਂ ਉਨ੍ਹਾਂ ਨੇ ਮਹਾਰਾਣੀ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਇਕ ਫੌਜੀ ਬਗਾਵਤ ਰਾਹੀਂ ਮਰਵਾ ਕੇ ਕੰਵਰ ਪਿਸ਼ੌਰਾ ਸਿੰਘ ਨੂੰ ਮਹਾਰਾਜਾ ਐਲਾਨ ਕਰਨ ਦੀ ਸਾਜਿਸ਼ ਰਚੀ। ਇਸ ਸਾਜਿਸ਼ ਦੀ ਕਨਸੋਅ ਮਹਾਰਾਣੀ ਤੱਕ ਵੀ ਪਹੁੰਚ ਗਈ ਸੀ। ਮਹਾਰਾਣੀ ਸਾਹਿਬ ਨੇ ਬਿਨਾ ਕੋਈ ਸਮਾਂ ਬਿਤਾਉਣ ਦੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਗੋਦ ਵਿਚ ਲੈ ਕੇ ਜਲਦੀ ਨਾਲ ਕਿਲੇ ਤੋਂ ਬਾਹਰ ਨਿਕਲ ਗਈ। ਇਹ ਗੱਲ 21 ਦਸੰਬਰ, 1844 ਦੀ ਹੈ। ਲਾਹੌਰ ਦੀ ਮੀਆਂ ਮੀਰ ਛਾਉਣੀ ਵਿਚ ਜਨਰਲ ਵੈਂਤਰਾ ਦੀ ਪਲਟਨ ਸੀ ਮਹਾਰਾਣੀ ਇਸ ਪਲਟਨ ਵਿਚ ਪਹੁੰਚ ਗਈ। ਜਾਣ ਸਾਰ ਸਾਰੀ ਪਲਟਨ ਨੂੰ ਇਕੱਠਿਆਂ ਕਰਕੇ ਫੌਜੀਆਂ ਨੂੰ ਮੁਖ਼ਾਤਿਬ ਹੋ ਕੇ ਬੋਲੀ ਕਿ 'ਲਾਹੌਰ ਦਰਬਾਰ ਦਾ ਅਸਲੀ ਹਾਕਮ ਕੌਣ ਹੈ, ਮਹਾਰਾਜਾ ਦਲੀਪ ਸਿੰਘ ਜਾਂ ਰਾਜਾ ਹੀਰਾ ਸਿੰਘ ? ਜੇ ਫੌਜ ਰਾਜਾ ਹੀਰਾ ਸਿੰਘ ਨੂੰ ਅਸਲੀ ਹਾਕਮ ਸਮਝਦੀ ਹੈ ਤਾਂ ਉਹ ਆਪ ਹੀ ਸਾਨੂੰ ਮਾਰ ਦੇਵੇ ਕਿਉਂਕਿ ਹੀਰਾ ਸਿੰਘ ਉਨ੍ਹਾਂ ਨੂੰ ਮਰਵਾਉਣਾ ਚਾਹੁੰਦਾ ਹੈ। ਜੇ ਅਸਲੀ ਹਾਕਮ ਮਹਾਰਾਜਾ ਦਲੀਪ ਸਿੰਘ ਹੈ ਤਾਂ ਉਹ ਹੀਰਾ ਸਿੰਘ ਨੂੰ ਸਜ਼ਾ ਦੇਣ।

ਫ਼ੌਜ ਇਸ ਭਾਸ਼ਣ ਨਾਲ ਇਕ ਦਮ ਭੜਕ ਉਠੀ। ਉਸ ਨੇ ਮਹਾਰਾਜੇ ਨੂੰ ਸਲਾਮੀ ਦੇਣ ਵਾਸਤੇ ਤੋਪਾਂ ਦੇ ਫਾਇਰ ਕੀਤੇ ਅਤੇ ਹੀਰਾ ਸਿੰਘ ਨੂੰ ਗਰਿਫ਼ਤਾਰ ਕਰਨ ਦੇ ਨਾਅਰੇ ਮਾਰਨ ਲਗ ਪਏ। ਤੋਪਾਂ ਦੇ ਫਾਇਰ ਜਦੋਂ ਹੀਰਾ ਸਿੰਘ ਅਤੇ ਪੰਡਤ ਜੱਲੇ ਨੇ ਸੁਣੇ ਤਾਂ ਉਹ ਭਾਂਪ ਗਏ ਸਨ ਕਿ ਕੁਝ ਉਨ੍ਹਾਂ ਦੇ ਖਿਲਾਫ਼ ਹੋਣ ਵਾਲਾ ਹੈ। ਉਸ ਨੂੰ ਖ਼ਬਰ ਮਿਲ ਗਈ ਸੀ ਕਿ ਇਹ ਸਲਾਮੀ ਮਹਾਰਾਣੀ ਅਤੇ ਮਹਾਰਾਜੇ ਨੂੰ ਦਿੱਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਦੀ ਜਾਣਕਾਰੀ ਤੋਂ ਬਿਨਾਂ ਇਹ ਸਲਾਮੀ ਸਿਰਫ ਇਕ ਬਗਾਵਤ ਦਾ ਹੀ ਪਰਤੀਕ ਹੋ ਸਕਦੀ ਸੀ। ਉਨ੍ਹਾਂ ਨੇ ਝੱਟ-ਪੱਟ ਆਪਣਾ ਖ਼ਜ਼ਾਨਾ ਘੋੜਿਆਂ ਅਤੇ ਹਾਥੀਆਂ 'ਤੇ ਲੱਦਿਆ ਅਤੇ ਤੇਜ਼ੀ ਨਾਲ ਇਹ ਕਹਿ ਕੇ ਆਪਣੇ ਮਹਿਲਾਂ ਵਿਚੋਂ ਨਿਕਲ ਗਏ ਕਿ ਉਹ ਛਾਉਣੀ ਵਿਖੇ ਮਹਾਰਾਜੇ ਦੀ ਹਜ਼ੂਰੀ ਵਿਚ ਪਹੁੰਚ ਰਹੇ ਹਨ। ਜਦੋਂ ਰਾਵੀ ਦਰਿਆ ਪਾਰ ਕਰਕੇ ਉਹ ਤੇਜ਼ੀ ਨਾਲ ਜਮੂੰ ਦੇ ਰਸਤੇ ਦੌੜ ਪਏ ਤਾਂ ਰਸਤੇ ਵਿਚ ਟੱਕਰੇ ਫੌਜੀਆਂ ਨੂੰ ਸ਼ੱਕ ਹੋ ਗਿਆ ਕਿ ਉਹ ਦੌੜ ਕੇ ਜਮੂੰ ਜਾ ਰਹੇ ਹਨ। ਉਨ੍ਹਾਂ ਨੇ ਤੇਜ਼ੀ ਨਾਲ ਇਹ ਗੱਲ ਆਪੋ ਆਪਣੀਆਂ ਪਲਟਨਾਂ ਵਿਚ ਆ ਕੇ ਦੱਸੀ। ਇਨ੍ਹਾਂ ਪਲਟਨਾਂ ਦੇ ਸਿਪਾਹੀ ਆਪਣੇ ਕਮਾਂਡਰਾਂ ਦੇ ਹੁਕਮ ਤੋਂ ਬਿਨਾ ਹੀ ਆਪ ਮੁਹਾਰੇ ਹੋਏ ਰਾਜਾ ਹੀਰਾ ਸਿੰਘ ਪਿੱਛੇ, ਉਸ ਨੂੰ ਫੜਨ ਅਤੇ ਲੁੱਟਣ ਦੇ ਖਿਆਲ ਨਾਲ, ਦੌੜ ਪਏ। ਮਹਾਰਾਣੀ ਸਾਹਿਬਾ ਨੂੰ ਜਦ ਇਸ ਗੱਲ ਦਾ ਪਤਾ ਲਗਿਆ ਤਾਂ ਉਸ ਨੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੂੰ ਫੌਜ ਦੇ ਕੇ ਉਸ ਦੇ ਪਿੱਛੇ ਭੇਜਿਆ ਤਾਂ ਕਿ ਉਸ ਨੂੰ ਫੜ ਕੇ ਵਾਪਸ ਲਿਆਂਦਾ ਜਾਵੇ ਅਤੇ ਸ਼ਜ਼ਾ ਦਿਤੀ

ਜਾਵੇ। ਆਖਰ ਲਾਹੌਰ ਤੋਂ ਥੋੜੀ ਦੂਰ ਜਾ ਕੇ ਉਸ ਕਾਫ਼ਲੇ ਨੂੰ ਘੇਰ ਲਿਆ ਗਿਆ ਅਤੇ ਮਾਰ ਦਿੱਤਾ ਗਿਆ।

ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਨਾਲ ਲਾਹੌਰ ਵਿਚ ਇਕ ਦਮ ਫੌਜ ਦੀ ਦਹਿਸ਼ਤ ਪੈ ਗਈ ਸੀ। ਲਾਹੌਰ ਦਰਬਾਰ ਦੇ ਸਭ ਮੈਂਬਰ ਫੌਜ ਤੋਂ ਡਰਦੇ ਲਾਹੌਰ ਤੋਂ ਬਾਹਰ ਨਿਕਲ ਗਏ ਸਨ। ਇਸ ਸਮੇਂ ਦੀ ਸਥਿਤੀ ਨੂੰ ਦਸਦਿਆਂ ਲੁਧਿਆਣੇ ਵਿਖੇ ਤਾਇਨਾਤ ਬਰਿਟਿਸ਼ ਏਜੰਟ ਬਰਾਡਫੁੱਟ ਨੇ ਸਰ ਫਰੈਡਰਿਕ ਕਰੀ ਨੂੰ ਭੇਜੀ ਗਈ ਚਿੱਠੀ ਵਿਚ ਲਿਖਿਆ ਸੀ ਕਿ ਉਸ ਸਮੇਂ ਕਿਲੇ ਵਿਚ ਮਹਾਰਾਣੀ ਜਿੰਦ ਕੌਰ ਅਤੇ ਮਹਾਰਾਜਾ ਦਲੀਪ ਸਿੰਘ ਦੋਵੇਂ ਇਕੱਲੇ ਹੀ ਸਨ। ਰੀਜੈਂਸੀ ਕੌਂਸਲ ਦਾ ਕੋਈ ਵੀ ਮੈਂਬਰ ਉਨ੍ਹਾਂ ਪਾਸ ਨਹੀਂ ਸੀ। ਮਹਾਰਾਣੀ ਨੇ ਗਵਰਨਿੰਗ ਕੌਂਸਲ ਦੇ ਮੈਂਬਰਾਂ ਨੂੰ ਕਿਲੇ ਵਿਚ ਪਹੁੰਚਣ ਦੇ ਆਦੇਸ਼ ਭੇਜੇ ਸਨ ਪਰ ਫੌਜ ਤੋਂ ਡਰਦਾ ਮਾਰਾ ਕੋਈ ਵੀ ਮੈਂਬਰ ਕਿਲੇ ਵਿਚ ਨਾ ਪਹੁੰਚਿਆ। ਉਹ ਕੁਝ ਉਡੀਕ ਕਰਨੀ ਚਾਹੁੰਦੇ ਸਨ ਕਿ ਹਾਲਾਤ ਕੀ ਕਰਵਟ ਲੈਂਦੇ ਹਨ। ਮਹਾਰਾਣੀ ਸਾਹਿਬਾ ਦੇ ਕੰਮਾਂ ਦਾ ਮੁੱਲਅੰਕਣ ਕਰਦੇ ਸਮੇਂ ਅਜਿਹੀਆਂ ਸਥਿਤੀਆਂ ਨੂੰ ਸਾਹਮਣੇ ਰੱਖਣਾ ਜ਼ਰੂਰੀ ਹੈ ਤਾਂ ਕਿ ਪਤਾ ਲਗ ਸਕੇ ਕਿ ਉਸ ਨੇ ਕਿਹੋ ਜਿਹੇ ਸੰਕਟਮਈ ਹਾਲਾਤਾਂ ਵਿਚ ਕਦਮ ਪੁੱਟੇ ਸਨ। ਬਾਕੀ ਸਰਦਾਰ ਤਾਂ ਰਾਜਧਾਨੀ ਛੱਡ ਕੇ ਜਾ ਸਕਦੇ ਸਨ। ਉਹ ਛੁਪ ਕੇ ਵੀ ਦਿਨ ਬਿਤਾ ਸਕਦੇ ਸਨ ਪਰ ਮਹਾਰਾਣੀ ਤਾਂ ਇਹ ਕੁਝ ਨਹੀਂ ਕਰ ਸਕਦੀ ਸੀ। ਉਸ ਨੂੰ ਤਾਂ ਤਖ਼ਤ ਜਾਂ ਤਖ਼ਤੇ ਵਿਚੋਂ ਕੋਈ ਇਕ ਚੀਜ਼ ਚੁਣਨੀ ਹੀ ਪੈਣੀ ਸੀ। ਮਹਾਰਾਣੀ ਕਿਸੇ ਵੀ ਸਥਿਤੀ ਤੋਂ ਡਰ ਕੇ ਨਹੀਂ ਭੱਜੀ ਸਗੋਂ ਉਸ ਨੇ ਪੂਰੀ ਦਲੇਰੀ ਨਾਲ ਹਰ ਸੰਕਟ ਦਾ ਸਾਮਹਣਾ ਕੀਤਾ ਸੀ। ਰਾਜਾ ਹੀਰਾ ਸਿੰਘ ਨੂੰ ਖ਼ਤਮ ਕਰਵਾਉਣ ਉਸ ਦੀ ਸਭ ਤੋਂ ਵੱਡੀ ਪਰਾਪਤੀ ਸੀ।

ਰਾਜਾ ਹੀਰਾ ਸਿੰਘ ਦੇ ਮਰਨ ਪਿਛੋਂ ਭਾਵੇਂ ਮਹਾਰਾਣੀ ਇਕੱਲੀ ਹੀ ਕਿਲੇ ਵਿਚ ਰਹਿ ਗਈ ਸੀ ਪਰ ਹੁਣ ਸਾਰੀ ਤਾਕਤ ਉਸ ਦੇ ਹੱਥ ਵਿਚ ਸੀ। ਇਥੇ ਇਕ ਗਲ ਹੋਰ, ਧਿਆਨ ਦੇਣ ਵਾਲੀ ਹੈ ਕਿ ਮਹਾਰਾਣੀ ਨੇ ਇਸ ਸਮੇਂ ਸਰਬਸ਼ਕਤੀਮਾਨ ਹੋਣ ਦੇ ਬਾਵਜੂਦ ਵੀ ਆਪਣੇ ਨੇੜੇ ਦੇ ਸਬੰਧੀਆਂ ਨੂੰ ਪਰਧਾਨ-ਮੰਤਰੀ ਨਹੀਂ ਬਣਾਇਆ ਸਗੋਂ ਉਸ ਨੇ ਪੂਰੀ ਕੋਸ਼ਿਸ਼ ਕੀਤੀ ਸੀ ਕਿ ਕੋਈ ਯੋਗ ਸਰਦਾਰ ਹੀ ਹਕੂਮਤ ਦੀ ਵਾਗਡੋਰ ਸੰਭਾਲੇ। ਪਹਿਲਾਂ ਉਸ ਨੇ ਰਾਜਾ ਗੁਲਾਬ ਸਿੰਘ ਨੂੰ ਸੱਦਾ ਭੇਜਿਆ ਸੀ ਕਿ ਉਹ ਆ ਕੇ ਪਰਧਾਨ ਮੰਤਰੀ ਦਾ ਅਹੁਦਾ ਸੰਭਾਲੇ। ਮਹਾਰਾਣੀ ਵਲੋਂ ਵਾਰ ਵਾਰ ਜ਼ੋਰ ਪਾਉਣ ਤੇ ਵੀ ਉਹ ਲਾਹੌਰ ਆਉਣਾ ਨਹੀਂ ਮੰਨਿਆ। ਫਿਰ ਮਹਾਰਾਣੀ ਸਾਹਿਬਾ ਨੇ ਸ. ਲਹਿਣਾ ਸਿੰਘ ਮਜੀਠੀਆ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੂੰ ਇਹ ਅਹੁਦਾ ਸੰਭਾਲਣ ਲਈ ਕਿਹਾ ਪਰ ਆਪੋ ਆਪਣੇ ਕੁਝ ਕਾਰਨਾਂ ਕਰਕੇ ਇਹ ਵੀ ਨਾ ਮੰਨੇ। ਅਖੀਰ ਸਭ ਪਾਸਿਆਂ ਤੋਂ ਨਿਰਾਸ਼ ਹੋ ਕੇ ਮਹਾਰਾਣੀ ਸਾਹਿਬਾਂ ਨੇ ਖੁਦ ਆਪ ਹੀ ਹਕੂਮਤ ਦਾ ਕੰਮ ਸੰਭਾਲਿਆ। ਹੁਣ ਮਹਾਰਾਣੀ ਜਨਾਨਾ ਭੇਸ ਲਾਹ ਕੇ ਫੌਜੀ ਜਰਨੈਲਾਂ ਵਾਲਾ ਚੁਸਤੀ-ਫੁਰਤੀ ਵਾਲਾ ਭੇਸ ਪਹਿਨ ਕੇ ਰੋਜ਼ਾਨਾ ਫੌਜੀ ਰਜਮੈਂਟਾਂ ਵਿਚ ਜਾਂਦੀ, ਉਨ੍ਹਾਂ ਦੀਆਂ ਮੰਗਾਂ ਸੁਣਦੀ ਅਤੇ ਪੂਰੀਆਂ ਕਰਦੀ। 26 ਸਾਲਾਂ ਦੀ ਅਤੀ ਖੂਬਸੂਰਤ ਮੁਟਿਆਰ ਦੇ ਰੂਪ ਵਿਚ ਮਹਾਰਾਣੀ ਸਾਰੀਆਂ ਰਜਮੈਂਟਾਂ ਦੀ ਆਕਰਸ਼ਣ ਦਾ ਕੇਂਦਰ ਬਣ ਗਈ ਸੀ। ਫੌਜੀ ਉਸ ਨੂੰ ਰਾਜ-ਮਾਤਾ ਕਹਿ ਕੇ ਪੁਕਾਰਦੇ ਸਨ ਅਤੇ ਉਸ ਦੇ ਪੈਰਾਂ ਨੂੰ ਛੂਹ ਕੇ ਮਿਲਦੇ ਸਨ। ਭਾਵੇਂ ਕੁਝ ਪਾਸਿਆਂ ਤੋਂ ਮਹਾਰਾਣੀ ਸਾਹਿਬਾਂ ਦੀ ਇਸ ਤਰ੍ਹਾਂ ਕਰਨ ਕਰਕੇ ਨੁਕਤਾਚੀਨੀ ਵੀ ਹੁੰਦੀ ਪਰ ਮਹਾਰਾਣੀ ਅਜਿਹੀਆਂ ਨੁਕਤਾਚੀਨੀਆਂ ਦੀ ਪਰਵਾਹ ਨਹੀਂ ਸੀ ਕਰਦੀ। ਇਨ੍ਹਾਂ ਕੰਮਾਂ ਦੀ ਗਵਰਨਰ ਜਨਰਲ ਹਾਰਡਿੰਗ ਨੇ ਵੀ ਬਹੁਤ ਪਰਸੰਸਾ ਕੀਤੀ ਸੀ।

ਮਹਾਰਾਣੀ ਸਾਹਿਬਾ ਸਾਰਾ ਸਾਰਾ ਦਿਨ ਹੀ ਰਜਮੈਂਟਾਂ ਵਿਚ ਹੀ ਗੁਜ਼ਾਰਦੀ ਸੀ। ਆਪਣੇ ਹਮਾਇਤੀਆਂ ਨੂੰ ਇਨਾਮ ਅਤੇ ਜਾਗੀਰਾਂ ਵੰਡਦੀ, ਪੁਰਾਣੇ ਜੁਰਮਾਨੇ ਅਤੇ ਕੈਦੀਆਂ ਦੀਆਂ ਕੈਦਾਂ ਮੁਆਫ਼ ਕਰਦੀ। ਲਾਹੌਰ ਵਿਚਲੀ ਸਾਰੀ ਡੋਗਰਾ ਫੌਜ ਤੋਂ ਹਥਿਆਰ ਸੁਟਵਾਏ ਗਏ ਸਨ। ਸਿੱਖ ਬਟਾਲੀਅਨਾਂ ਲਾਹੌਰ ਵਿਚ ਤਾਇਨਾਤ ਕੀਤੀਆਂ ਗਈਆਂ। ਮੁੱਖ ਸਮੱਸਿਆ ਪ੍ਰਧਾਨਮੰਤਰੀ ਦਾ ਪਦ ਸੰਭਾਲਣ ਦੀ ਸੀ। ਫੌਜ ਨੂੰ ਦੱਸਿਆ ਗਿਆ ਸੀ ਕਿ ਉਨ੍ਹਾਂ ਵਲੋਂ ਸਿਫਾਰਸ਼ ਕੀਤੇ ਗਏ ਸਰਦਾਰ ਵਜ਼ੀਰੀ ਦਾ ਪਦ ਸੰਭਾਲਣ ਲਈ ਨਹੀਂ ਆਏ। ਤਾਂ ਫੌਜੀ ਪੰਚਾਂ (ਜੂਨੀਅਰ ਅਫਸਰਾਂ) ਨੇ ਮਹਾਰਾਣੀ ਨੂੰ ਹੀ ਪਰਧਾਨ ਮੰਤਰੀ ਦਾ ਕੰਮ ਚਲਾਉਣ ਲਈ ਕਿਹਾ ਅਤੇ ਕੰਵਰ ਪਿਸ਼ੌਰਾ ਸਿੰਘ ਨੂੰ ਫੌਜਾਂ ਦਾ ਸੈਨਾਪਤੀ ਬਣਾਉਣ ਲਈ ਕਿਹਾ। ਮਹਾਰਾਣੀ ਇਹ ਸਭ ਕੁਝ ਮੰਨ ਗਈ। ਕੰਵਰ ਪਿਸ਼ੌਰਾ ਸਿੰਘ ਉਸ ਸਮੇਂ ਬਰਿਟਿਸ਼ ਇਲਾਕੇ ਵਿਚ ਅੰਬਾਲੇ ਵਿਖੇ ਸੀ। ਉਸ ਨੂੰ ਲੋੜੀਂਦਾ ਸੁਨੇਹਾ ਭੇਜਿਆ ਗਿਆ। ਪਿਸ਼ੌਰਾ ਸਿੰਘ ਪਹਿਲੀ ਜਨਵਰੀ, 1845 ਨੂੰ ਲਾਹੌਰ ਪਹੁੰਚ ਗਿਆ। ਦੋ ਜਨਵਰੀ ਨੂੰ ਉਹ ਮਹਾਰਾਣੀ ਸਾਹਿਬਾ ਨੂੰ ਉਸ ਦੇ ਮਹਿਲਾਂ ਵਿਚ ਮਿਲਿਆ। ਮਹਾਰਾਣੀ ਨੇ ਉਸ ਦਾ ਪੂਰਾ ਸ਼ਾਹੀ ਸੁਆਗਤ ਕੀਤਾ ਅਤੇ ਉਸ ਦੀ ਜਾਗੀਰ ਵਿਚ ਕਈ ਗੁਣਾ ਵਾਧਾ

ਕੀਤਾ। ਉਸ ਨੂੰ ਦੱਸਿਆ ਗਿਆ ਕਿ ਫੌਜੀ ਪੰਚਾਂ ਦੀ ਰਾਇ ਉਸ ਨੂੰ ਕਮਾਂਡਰ-ਇਨ-ਚੀਫ ਬਣਾਉਣ ਦੀ ਹੈ ਅਤੇ ਉਹ ਖੁਦ ਵੀ ਇਸ ਗੱਲ 'ਤੇ ਖੁਸ਼ ਹੈ। ਪਿਸ਼ੌਰਾ ਸਿੰਘ ਨੇ ਮਹਾਰਾਣੀ ਸਾਹਿਬਾ ਨੂੰ ਆਪਣੀ ਮਾਂ ਸਮਝ ਕੇ ਪੂਰੇ ਭਰੋਸੇ ਦਿਤੇ ਕਿ ਉਹ ਮਹਾਰਾਣੀ ਸਾਹਿਬਾ ਦਾ ਅਤੇ ਮਹਾਰਾਜਾ ਦਲੀਪ ਸਿੰਘ ਦਾ ਪੂਰਾ ਵਫਾਦਾਰ ਰਹੇਗਾ। ਮਹਾਰਾਣੀ ਸਾਹਿਬਾ ਦੀ ਇਹ ਬਹੁਤ ਵੱਡੀ ਪਰਾਪਤੀ ਸੀ।

ਮਹਾਰਾਣੀ ਸਾਹਿਬਾ ਦੀ ਅਗਵਾਈ ਹੇਠ ਇਕ ਦਸ ਮੈਂਬਰੀ ਕੌਂਸਲ ਬਣਾਈ ਗਈ। ਇਸ ਦੇ ਮੈਂਬਰ ਸਨ: 1. ਭਾਈ ਰਾਮ ਸਿੰਘ, 2. ਬਖਸ਼ੀ ਭਗਤ ਰਾਮ, 3. ਦੀਵਾਨ ਦੀਨਾ ਨਾਥ, 4. ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, 5. ਸਰਦਾਰ ਅਤਰ ਸਿੰਘ ਕਾਲਿਆਂਵਾਲਾ, 6. ਰਾਜਾ ਲਾਲ ਸਿੰਘ, 7. ਸਰਦਾਰ ਜਵਾਹਰ ਸਿੰਘ, 8. ਜਨਰਲ ਮਹਿਤਾਬ ਸਿੰਘ ਮਜੀਠੀਆ, 9. ਜਨਰਲ ਮੇਵਾ ਸਿੰਘ ਮਜੀਠੀਆ ਅਤੇ 10. ਜਨਰਲ ਲਾਲ ਸਿੰਘ ਮੋੜਾਂਵਾਲਾ।

ਇਥੇ ਇਕ ਗੱਲ ਧਿਆਨਗੋਚਰੇ ਰੱਖਣ ਵਾਲੀ ਹੈ ਕਿ ਲਾਹੌਰ ਵਿਚ ਫੌਜ ਦੇ ਦੋ ਧੜੇ ਸਨ। ਇਕ ਧੜਾ ਫੌਜ ਦਾ ਉਹ ਸੀ ਜੋ ਆਪਣੇ ਆਪ ਨੂੰ ਨਿਰੋਲ ਖਾਲਸਾ ਰਾਜ ਦਾ ਰੱਖਿਅਕ ਸਮਝ ਕੇ ਹਰ ਹਾਲਤ ਵਿਚ ਇਸ ਨੂੰ ਬਚਾਉਣਾ ਚਾਹੁੰਦਾ ਸੀ। ਇਹ ਧੜਾ ਬਿਨਾ ਕਿਸੇ ਸ਼ਰਤ ਦੇ ਜਾਂ ਬਿਨਾ ਕਿਸੇ ਲਾਲਚ ਦੇ ਮਹਾਰਾਣੀ ਅਤੇ ਮਹਾਰਾਜਾ ਦਲੀਪ ਸਿੰਘ ਦੇ ਪਿੱਛੇ ਖੜਾ ਸੀ। ਦੂਸਰਾ ਧੜਾ ਫੌਜ ਦਾ ਉਹ ਸੀ ਜੋ ਸਾਰੀਆਂ ਕੌਮੀਅਤਾਂ ਦਾ ਮਿਲਗੋਭਾ ਸੀ। ਭਾਵੇਂ ਇਸ ਵਿਚ ਵੀ ਸਿੱਖ ਫੌਜੀ ਹੀ ਬਹੁਗਿਣਤੀ ਵਿਚ ਸਨ ਪਰ ਇਨ੍ਹਾਂ ਦਾ ਨਿਸ਼ਾਨਾ ਸਿੱਧਾ ਵੱਧ ਤੋਂ ਵੱਧ ਪੈਸੇ ਪਰਾਪਤ ਕਰਨ ਦਾ ਸੀ। ਇਹ ਧੜਾ ਪੈਸੇ ਵਸੂਲਣ ਲਈ ਹਰ ਉਸ ਵਿਅਕਤੀ ਨੂੰ ਵਜੀਰ, ਜਰਨੈਲ ਜਾਂ ਬਾਦਸ਼ਾਹ ਬਣਾਉਣ ਨੂੰ ਤਿਆਰ ਹੋ ਜਾਂਦਾ ਸੀ ਜਿਹੜਾ ਉਨ੍ਹਾਂ ਦੀ ਤਨਖ਼ਾਹ ਵਧਾਉਣ ਦੇ ਵਾਇਦੇ ਕਰਦਾ ਸੀ। ਇਸ ਧੜੇ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਦਲੀਪ ਸਿੰਘ ਦੀ ਥਾਂ 'ਤੇ ਮਹਾਰਾਜਾ ਬਣ ਜਾਣ ਲਈ ਕਿਹਾ। ਇਹ ਵੀ ਹਦਾਇਤ ਕੀਤੀ ਕਿ ਉਹ ਫ਼ੌਜ ਦੀ ਹਿੰਦੁਸਤਾਨ ਉਪਰ ਹਮਲਾ ਕਰਨ ਲਈ ਅਗਵਾਈ ਕਰੇ ਪਰ ਕੰਵਰ ਪਿਸ਼ੌਰਾ ਸਿੰਘ ਇਨ੍ਹਾਂ ਵਿਚੋਂ ਕਿਸੇ ਗੱਲ ਲਈ ਵੀ ਤਿਆਰ ਨਹੀਂ ਹੋਇਆ। ਫੌਜ ਉਸ ਉਪਰ ਲਗਾਤਾਰ ਪੰਜ ਦਿਨ ਦਬਾਅ ਪਾਉਂਦੀ ਰਹੀ ਪਰ ਕੰਵਰ ਵੀ ਲਗਾਤਾਰ ਇਹ ਗੱਲਾਂ ਮੰਨਣ ਤੋਂ ਇਨਕਾਰ ਕਰਦਾ ਰਿਹਾ। ਕੰਵਰ ਸਾਹਿਬ ਖੁਦ ਅੰਗਰੇਜ਼ਾਂ ਨਾਲ ਸਬੰਧ ਬਣਾ ਕੇ ਰੱਖਣਾ ਚਾਹੁੰਦਾ ਸੀ। ਉਸ ਦਾ ਸਭ ਤੋਂ ਵੱਧ ਭਰੋਸੇਯੋਗ ਸਲਾਹਕਾਰ ਭਾਈ ਗੁਰਬਖਸ਼ ਸਿੰਘ ਸੀ, ਜੋ ਰਾਜਨੀਤਕ ਵਿਅਕਤੀ ਹੋਣ ਨਾਲੋਂ ਧਾਰਮਿਕ ਬਿਰਤੀ ਵਾਲਾ ਜ਼ਿਆਦਾ ਸੀ। ਇਸ ਨੇ ਵੀ ਕੰਵਰ ਸਾਹਿਬ ਨੂੰ ਮਹਾਰਾਣੀ ਸਾਹਿਬਾ ਨਾਲ ਬਣਾ ਕੇ ਰੱਖਣ ਦੀ ਹੀ ਰਾਇ ਦਿੱਤੀ ਸੀ। ਜਦੋਂ ਪਿਸ਼ੌਰਾ ਸਿੰਘ ਫੌਜ ਦੀ ਕੋਈ ਵੀ ਗੱਲ ਮੰਨਣ ਲਈ ਤਿਆਰ ਨਾ ਹੋਇਆ ਤਾਂ ਫੌਜੀ ਪੰਚਾਂ ਨੇ ਖਿਝ ਕੇ ਉਸ ਨੂੰ ਲਾਹੌਰ ਵਿਚੋਂ ਤੁਰੰਤ ਚਲੇ ਜਾਣ ਦਾ ਹੁਕਮ ਕਰ ਦਿੱਤਾ। ਇਸ ਗੱਲ ਨੇ ਲਾਹੌਰ ਵਿਚਲੇ ਸਥਾਪਤ ਹੋਏ ਆਪਸੀ ਵਿਸ਼ਵਾਸ ਨੂੰ ਖਤਮ ਕਰ ਦਿੱਤਾ ਸੀ। ਭਾਵੇਂ ਪਿਸ਼ੌਰਾ ਸਿੰਘ ਨੂੰ ਬਾਦਸ਼ਾਹ ਬਣਾਉਣ ਦੀ ਗੱਲ ਨਿਰੋਲ ਫੌਜ ਦੇ ਲੋਟੂ ਧੜੇ ਦੀ ਹੀ ਸੀ ਪਰ ਇਸ ਨਾਲ ਮਹਾਰਾਣੀ ਦੇ ਮਨ ਵਿਚ ਜ਼ਬਰਦਸਤ ਸ਼ੱਕ ਪੈਦਾ ਹੋ ਗਿਆ ਸੀ। ਉਹ ਸਮਝਦੀ ਸੀ ਕਿ ਜੇਕਰ ਕੰਵਰ ਲਗਤਾਰ ਮਹਿਲਾਂ ਵਿਚ ਰਹੇਗਾ ਤਾਂ ਕਦੇ ਨਾ ਕਦੇ ਫੌਜ ਉਸ ਨੂੰ ਮਨਾ ਲਵੇਗੀ। ਇਸ ਮਾਹੌਲ ਵਿਚ ਜਦੋਂ ਕੰਵਰ ਸਾਹਿਬ ਫੌਜੀ ਪੰਚਾਂ ਦੀ ਧਮਕੀ ਸੁਣ ਕੇ ਮਹਾਰਾਣੀ ਪਾਸ ਉਸ ਦੀ ਸਲਾਹ ਲੈਣ ਆਏ ਤਾਂ ਮਹਾਰਾਣੀ ਨੇ ਭਾਈ ਗੁਰਬਖਸ਼ ਸਿੰਘ ਰਾਹੀਂ ਇਹੀ ਸਲਾਹ ਦਿਤੀ ਕਿ ਕੰਵਰ ਸਾਹਿਬ ਨੂੰ ਆਪਣੀ ਜਾਗੀਰ ਵਿਚ ਚਲੇ ਜਾਣਾ ਚਾਹੀਦਾ ਹੈ। ਸਿੱਟੇ ਵਜੋਂ ਫੌਜ ਹੱਥੋਂ ਅਤੀ ਨਿਰਾਸ਼ ਹੋਕੇ ਕੰਵਰ ਆਪਣੀ ਜਾਗੀਰ ਸਿਆਲਕੋਟ ਵਿਚ ਚਲਾ ਗਿਆ।

ਫੌਜੀ ਪੰਚਾਂ ਵੱਲੋਂ ਹੀ ਰਾਜਾ ਗੁਲਾਬ ਸਿੰਘ, ਸਰਦਾਰ ਲਹਿਣਾ ਸਿੰਘ ਮਜੀਠੀਆ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦਾ ਨਾਂ ਪ੍ਰਧਾਨ ਮੰਤਰੀ ਅਤੇ ਸੈਨਾਪਤੀ ਲਈ ਸਿਫਾਰਸ਼ ਕੀਤੇ ਗਏ ਸਨ। ਪਰ ਨਾਲ ਸ਼ਰਤ ਇਹ ਸੀ ਕਿ ਉਹ ਤੁਰੰਤ ਹਿੰਦੁਸਤਾਨ 'ਤੇ ਹਮਲਾ ਕਰਨ ਲਈ ਉਨ੍ਹਾਂ ਦੀ ਅਗਵਾਈ ਕਰਨ। ਇਸ ਕੰਮ ਲਈ ਉਕਤ ਵਿਚੋਂ ਕੋਈ ਵੀ ਤਿਆਰ ਨਹੀਂ ਸੀ। ਅੰਗਰੇਜ਼ਾਂ ਨਾਲ ਲੜਾਈ ਕਰਨ ਤੋਂ ਘੱਟ ਗੱਲ ਸੁਣਨ ਨੂੰ ਫੌਜੀ ਪੰਚ ਤਿਆਰ ਨਹੀਂ ਸਨ। ਸਿੱਟੇ ਵਜੋਂ ਨਾਂ ਉਕਤ ਸਰਦਾਰਾਂ ਵਿਚੋਂ ਕੋਈ ਲਾਹੌਰ ਆਉਣ ਨੂੰ ਤਿਆਰ ਹੋਇਆ ਅਤੇ ਨਾ ਹੀ ਮਹਾਰਾਣੀ ਨੂੰ ਕੋਈ ਹੋਰ ਪ੍ਰਧਾਨ ਮੰਤਰੀ ਬਣਾਉਣ ਦਿਤਾ ਗਿਆ। ਆਖਰ ਮਹਾਰਾਣੀ ਹੀ ਆਪਣੀ ਨੌਕਰਾਣੀ ਪਰ ਅਤੀ ਭਰੋਸੇ ਯੋਗ ਮੰਗਲਾਂ, ਆਪਣੇ ਭਰਾ ਜਵਾਹਰ ਸਿੰਘ ਅਤੇ ਭਰੋਸੇਯੋਗ ਸਾਥੀ ਰਾਜਾ ਲਾਲ ਸਿੰਘ ਨਾਲ ਹੀ ਵਜ਼ਾਰਤ ਦਾ ਕੰਮ ਚਲਾਉਂਦੀ ਰਹੀ। ਇਹ ਕੰਮ ਅਪਰੈਲ, 1845 ਦੇ ਅਖੀਰ ਤਕ ਚਲਦਾ ਰਿਹਾ। ਅਪਰੈਲ ਵਿਚ ਇਕ ਵਾਰ ਫਿਰ ਮਹਾਰਾਣੀ ਸਾਹਿਬਾ ਨੇ ਰਾਜ ਗੁਲਾਬ ਸਿੰਘ ਨੂੰ ਲਾਹੌਰ ਪਹੁੰਚ ਕੇ ਹਕੂਮਤ ਦਾ ਕੰਮ ਸੰਭਾਲਣ ਲਈ ਕਿਹਾ। ਉਸ ਨੂੰ ਜਮੂੰ ਤੋਂ ਮੰਗਵਾਇਆ ਗਿਆ। ਰਾਜਾ

ਸਾਹਿਬ 7 ਅਪਰੈਲ, 1845 ਨੂੰ ਲਾਹੌਰ ਪਹੁੰਚ ਗਏ ਸਨ। ਮਹਾਰਾਣੀ ਸਾਹਿਬਾ ਨੇ ਉਸ ਦਾ ਪੂਰਾ ਸਨਮਾਨ ਕੀਤਾ। ਉਸ ਦੀ ਰਿਹਾਇਸ਼ ਲਈ ਕੰਵਰ ਨੌਨਿਹਾਲ ਸਿੰਘ ਵਾਲੀ ਆਲੀਸ਼ਾਨ ਹਵੇਲੀ ਖਾਲੀ ਕਰਵਾ ਕੇ ਦਿਤੀ ਗਈ। ਉਸ ਦੀ ਸੁਰੱਖਿਆ ਲਈ ਡੋਗਰਾ ਫੌਜ ਤਾਇਨਾਤ ਕੀਤੀ ਗਈ। ਉਸ ਦੀ ਆਪਣੀ ਮਨਮਰਜ਼ੀ ਦੀ ਹੋਰ ਡੋਗਰਾ ਫੌਜ ਮੰਗਵਾਉਣ ਲਈ ਖੁੱਲੀ ਇਜ਼ਾਜ਼ਤ ਦਿਤੀ ਗਈ। ਜਵਾਹਰ ਸਿੰਘ ਤੇ ਲਾਲ ਸਿੰਘ ਰਾਜਾ ਗੁਲਾਬ ਸਿੰਘ ਦੇ ਵਿਰੋਧੀ ਸਨ। ਮਹਾਰਾਣੀ ਸਾਹਿਬਾ ਨੇ ਇਨ੍ਹਾਂ ਦੋਹਾਂ ਨੂੰ ਉਸ ਦੀ ਸੇਵਾ ਵਿਚ ਹਾਜ਼ਰ ਹੋਣ ਦਾ ਹੁਕਮ ਦਿਤਾ ਅਤੇ ਇਹ ਦੋਵੇਂ ਸਰਦਾਰ ਮਹਾਰਾਣੀ ਦੇ ਹੁਕਮ ਮੁਤਾਬਕ ਹਰ ਸਮੇਂ ਰਾਜਾ ਗੁਲਾਬ ਸਿੰਘ ਦੇ ਸਾਹਮਣੇ ਖੜੇ ਰਹਿੰਦੇ ਸਨ। ਮਹਾਰਾਣੀ ਨੇ ਇਹ ਵੀ ਕਿਹਾ ਕਿ ਉਹ ਫਿਲਹਾਲ ਫੌਜ ਦੀ ਗੱਲ, ਹਮਲਾ ਕਰਨ ਵਾਲੀ ਮੰਨ ਲਵੇ, ਲੇਕਿਨ ਪਿਛੋਂ ਉਨ੍ਹਾਂ ਨੂੰ ਸਮਝਾ ਕੇ ਇਸ ਪਾਸਿਓਂ ਹਟਾ ਦੇਵੇ। ਪਰ ਰਾਜਾ ਗੁਲਾਬ ਸਿੰਘ ਫੌਜ ਕੋਲੋਂ ਇਤਨਾ ਡਰਿਆ ਹੋਇਆ ਸੀ ਕਿ ਮਹਾਰਾਣੀ ਸਾਹਿਬ ਵਲੋਂ ਉਸ ਨੂੰ ਦਿੱਤੀਆਂ ਗਈਆਂ ਅਪਾਰ ਸਹੂਲਤਾਂ ਵੀ ਉਸ ਨੂੰ ਤਿਆਰ ਨਹੀਂ ਕਰ ਸਕੀਆਂ। ਅਖੀਰ ਰਾਜਾ 9 ਅਗਸਤ, 1845 ਨੂੰ ਮਹਾਰਾਣੀ ਕੋਲੋਂ ਇਜ਼ਾਜ਼ਤ ਲੈ ਕੇ ਜਮੂੰ ਨੂੰ ਰਵਾਨਾ ਹੋ ਗਿਆ। ਮਹਾਰਾਣੀ ਨੇ ਉਸ ਨੂੰ ਵਿਦਾ ਕਰਨ ਵੇਲੇ ਵੀ ਅਨੇਕਾਂ ਤੋਹਫ਼ੇ ਦਿਤੇ ਸਨ।"

ਅਸਲ ਵਿਚ ਰਾਜਾ ਗੁਲਾਬ ਸਿੰਘ ਇਸ ਤੋਂ ਪਹਿਲਾਂ ਆਪਣੇ ਦੋ ਅਤੀ ਹੋਣਹਾਰ ਪੁੱਤਰ ਮੀਆਂ ਊਧਮ ਸਿੰਘ ਅਤੇ ਮੀਆਂ ਸੋਹਣ ਸਿੰਘ ਲਾਹੌਰ ਵਿਚ ਗੁਆ ਚੁੱਕਿਆ ਸੀ। ਮੀਆਂ ਉਧਰ ਸਿੰਘ ਕੰਵਰ ਨੌਨਿਹਾਲ ਸਿੰਘ ਨਾਲ ਹੀ ਡਿਉਢੀ ਦੀ ਛੱਤ ਡਿਗਣ ਕਾਰਨ ਮਰ ਗਿਆ ਸੀ ਜਦੋਂ ਕਿ ਦੂਜਾ, ਰਾਜਾ ਹੀਰਾ ਸਿੰਘ ਦੇ ਨਾਲ ਖਾਲਸਾ ਫੌਜ ਹੱਥੋਂ ਮਾਰਿਆ ਗਿਆ ਸੀ। ਇਸ ਕਰਕੇ ਰਾਜਾ ਗੁਲਾਬ ਸਿੰਘ ਕਿਸੀ ਵੀ ਸੂਰਤ ਵਿਚ ਅਜਿਹੀ ਫੌਜ ਦੇ ਵਿਚਕਾਰ ਰਹਿਣਾ ਨਹੀਂ ਚਾਹੁੰਦਾ ਸੀ।

ਮਹਾਰਾਣੀ ਸਾਹਿਬਾ ਨੇ ਰਾਜਾ ਗੁਲਾਬ ਸਿੰਘ ਦੇ ਇਨਕਾਰ ਕਰ ਜਾਣ ਪਿੱਛੋਂ ਫੌਜੀ ਪੰਚਾਂ ਕੋਲੋਂ ਆਪਣੇ ਭਰਾ ਜਵਾਹਰ ਸਿੰਘ ਨੂੰ ਪਰਧਾਨ ਮੰਤਰੀ ਬਣਵਾਉਣ ਦੀ ਮਨਜ਼ੂਰੀ ਲਈ। ਇਹ ਮਨਜ਼ੂਰੀ ਮਿਲ ਗਈ ਸੀ। 14 ਮਈ, 1845 ਨੂੰ ਜਵਾਹਰ ਸਿੰਘ ਲਾਹੌਰ ਦਰਬਾਰ ਦਾ ਪਰਧਾਨ ਵਜੀਰ ਬਣ ਗਿਆ। ਇਹ ਮਹਾਰਾਣੀ ਜਿੰਦ ਕੌਰ ਜੈਸੀ ਦਲੇਰ, ਦਰਿੜ ਅਤੇ ਰਾਜਨੀਤਕ ਤੌਰ 'ਤੇ ਪੂਰੀ ਮਾਹਰ ਔਰਤ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉ ਨੂੰ ਕਦੇ ਵੀ ਕੋਈ ਯੋਗ ਸਰਦਾਰ ਰਾਜ ਪਬੰਧ ਚਲਾਉਣ ਲਈ ਨਹੀਂ ਮਿਲਿਆ। ਜਵਾਹਰ ਸਿੰਘ ਉਸ ਦਾ ਭਰਾ ਜ਼ਰੂਰ ਸੀ ਅਤੇ ਉਸ ਦੇ ਪ੍ਰਤੀ ਵਫਾਦਾਰ ਵੀ ਸੀ ਪਰ ਇਹ ਇਸ ਹੱਦ ਤਕ, ਬਿਗੜ ਚੁੱਕੇ ਰਾਜ ਪਰਬੰਧ ਨੂੰ, ਚਲਾਉਣ ਦੇ ਯੋਗ ਨਹੀਂ ਸੀ। ਲੋੜ ਤਾਂ ਸੀ ਇਸ ਵੇਲੇ ਸਾਰੀਆਂ ਨਾਰਾਜ਼ ਧਿਰਾਂ ਨੂੰ ਨਾਲ ਲੈ ਕੇ ਚਲਣ ਦੀ ਪਰ ਇਸ ਨਾਤਜਰਬੇਕਾਰ ਵਿਅਕਤੀ ਨੇ ਰਾਜ ਦੇ ਦੋ ਸਭ ਤੋਂ ਵੱਧ ਤਾਕਤਵਰ ਅਤੇ ਫੌਜ ਵਿਚ ਪਰਵਾਣ ਕੀਤੇ ਜਾਣ ਵਾਲੇ ਵਿਅਕਤੀਆਂ ਰਾਜਾ ਗੁਲਾਬ ਸਿੰਘ ਅਤੇ ਕੰਵਰ ਪਿਸ਼ੌਰਾ ਸਿੰਘ ਨਾਲ ਸਿੱਧੀ ਟੱਕਰ ਲੈ ਲਈ ਸੀ। ਮਹਾਰਾਣੀ ਸਾਹਿਬਾ ਨੇ ਆਪਣੀ ਸਿਆਣਪ ਨਾਲ ਇਨ੍ਹਾਂ ਦੋਹਾਂ ਨੂੰ ਖੁਸ਼ ਕਰਕੇ ਰੱਖਿਆ ਸੀ ਇਹੀ ਕਾਰਨ ਸੀ ਕਿ ਦੋਵੇਂ ਵਿਅਕਤੀ ਕੋਈ ਵੀ ਮੁਸ਼ਕਲ ਖੜੀ ਕੀਤੇ ਬਗੈਰ ਲਾਹੌਰ ਤੋਂ ਬਾਹਰ ਚਲੇ ਗਏ ਸਨ ਨਹੀਂ ਤਾਂ ਇਹ, ਜੇ ਚਾਹੁੰਦੇ ਤਾਂ ਬੜੀ ਤਕੜੀ ਸਮੱਸਿਆ ਖੜੀ ਕਰ ਸਕਦੇ ਸਨ।

ਜਵਾਹਰ ਸਿੰਘ ਨੇ ਪ੍ਰਧਾਨ ਵਜੀਰ ਬਣਦਿਆਂ ਹੀ ਪਹਿਲਾਂ ਰਾਜਾ ਗੁਲਾਬ ਸਿੰਘ ਦੇ ਖਿਲਾਫ਼, ਜਮੂੰ ਤੇ ਚੜਾਈ ਕਰਨ ਲਈ ਫੌਜ ਭੇਜ ਦਿਤੀ ਅਤੇ ਜਿਤਨੀ ਵੀ ਰਾਜਾ ਸਾਹਿਬ ਦੀ ਬੇਇਜ਼ਤੀ ਕਰਵਾਈ ਜਾ ਸਕਦੀ ਸੀ ਉਤਨੀ ਹੀ ਫੌਜ ਕੋਲੋਂ ਕਰਵਾਈ।" ਫਿਰ ਕੰਵਰ ਪਿਸ਼ੌਰਾ ਸਿੰਘ ਦੇ ਖਿਲਾਫ਼ ਫੌਜ ਭੇਜ ਕੇ ਉਸ ਨੂੰ ਮਰਵਾ ਦਿੱਤਾ ਸੀ। ਰਾਜਾ ਗੁਲਾਬ ਸਿੰਘ ਨੇ ਆਪਣੀ ਬੇਇਜ਼ਤੀ ਦਾ ਬਦਲਾ ਪਹਿਲਾਂ ਕੰਵਰ ਪਿਸ਼ੌਰਾ ਸਿੰਘ ਨੂੰ ਲਾਹੌਰ ਦਰਬਾਰ ਦੇ ਵਿਰੁੱਧ ਭੜਕਾ ਕੇ ਲਿਆ। ਫਿਰ ਆਪਣੇ ਬੰਦਿਆਂ ਨੂੰ ਲਾਹੌਰ ਭੇਜ ਕੇ, ਜਵਾਹਰ ਸਿੰਘ ਦੇ ਖਿਲਾਫ ਫੌਜ ਨੂੰ ਭੜਕਾ ਕੇ ਲਿਆ। ਮਹਾਰਾਣੀ ਜੋ ਕੁਝ ਕਰ ਰਹੀ ਸੀ, ਜਵਾਹਰ ਸਿੰਘ ਉਸ ਸਭ ਕੁਝ ਉਪਰ ਪਾਣੀ ਫੇਰ ਰਿਹਾ ਸੀ। ਜਦੋਂ ਪਿਸ਼ੌਰਾ ਸਿੰਘ ਨੇ ਲਾਹੌਰ ਦਰਬਾਰ ਦੇ ਖਿਲਾਫ਼ ਬਗਾਵਤ ਕਰ ਕੇ ਮਹਾਰਾਜਾ ਹੋਣ ਦਾ ਐਲਾਨ ਕੀਤਾ ਸੀ ਤਾਂ ਮਹਾਰਾਣੀ ਨੇ ਇਕ ਦਮ ਸਿੱਖ ਸਰਦਾਰਾਂ ਨੂੰ ਆਪਣੇ ਨਾਲ ਜੋੜਨ ਲਈ, ਦਲੀਪ ਸਿੰਘ ਦਾ ਮੰਗਣਾ ਰੋਪੜੀਏ ਸਰਦਾਰਾਂ ਨਾਲੋਂ ਤੋੜ ਕੇ ਸਰਦਾਰ ਚਤਰ ਸਿੰਘ ਅਟਾਰੀਵਾਲੇ ਦੇ ਘਰ ਕਰ ਦਿੱਤਾ। ਇਸ ਤਰ੍ਹਾਂ ਮਹਾਰਾਣੀ ਨੇ ਇਕ ਤਕੜਾ ਸਰਦਾਰ ਘਰਾਣਾ ਆਪਣੇ ਨਾਲ ਜੋੜ ਲਿਆ ਸੀ।" ਪਰ ਜੋ ਕਾਰਾ ਜਵਾਹਰ ਸਿੰਘ ਕੰਵਰ ਪਿਸ਼ੌਰਾ ਸਿੰਘ ਨੂੰ ਮਰਵਾ ਕੇ ਕਰ ਚੁੱਕਿਆ ਸੀ ਉਸ ਨੂੰ ਉਹ ਟਾਲ ਨਹੀਂ ਸਕੀ ਸੀ।

ਕੰਵਰ ਪਿਸ਼ੌਰਾ ਸਿੰਘ ਨੂੰ ਮਾਰੇ ਜਾਣ ਦੀ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਜਾਂ ਫੈਲਾ ਦਿਤੀ ਗਈ ਸੀ। ਇਸ

ਕੰਮ ਲਈ ਰਾਜਾ ਗੁਲਾਬ ਸਿੰਘ ਨੇ ਆਪਣੇ ਖਾਸ ਬੰਦੇ ਮੀਆਂ ਪਿਰਥੀ ਸਿੰਘ ਨੂੰ ਰਾਜਪੂਤ ਰਜਮੈਂਟ ਦੇ ਕੇ ਲਾਹੌਰ ਤੋਰ ਦਿਤਾ ਸੀ। ਮੀਆਂ ਪਿਰਥੀ ਸਿੰਘ ਦੇ ਨਾਲ ਮੀਆਂ ਜਵਾਹਰ ਸਿੰਘ, ਮੀਆਂ ਬਚਿੱਤਰ ਸਿੰਘ ਅਤੇ ਮੀਆਂ ਨੌਰੰਗ ਸਿੰਘ ਆਦਿ ਸਨ। ਇਨ੍ਹਾਂ ਨੇ ਕੰਵਰ ਦੇ ਮਾਰੇ ਜਾਣ ਦੀ ਗੱਲ ਮਹਾਰਾਣੀ ਤਕ ਵੀ ਪਹੁੰਚਾਈ ਅਤੇ ਫੌਜੀ ਰਜਮੈਂਟਾਂ ਤਕ ਵੀ। ਜਦੋਂ ਇਹ ਖ਼ਬਰ ਮਹਾਰਾਣੀ ਸਾਹਿਬਾ ਨੂੰ ਦੱਸੀ ਗਈ ਤਾਂ ਉਹ ਕੰਬ ਗਈ ਅਤੇ ਬੇਹੋਸ਼ ਹੋਕੇ ਡਿਗ ਪਈ ਸੀ। ਉਹ ਫੌਜੀ ਰਜਮੈਂਟਾਂ ਤੋਂ ਪਹਿਲਾਂ ਹੀ ਬਹੁਤ ਡਰਦੀ ਸੀ ਹੁਣ ਤਾਂ ਇਨ੍ਹਾਂ ਕੋਲੋਂ ਬਚਾਅ ਦਾ ਕੋਈ ਰਸਤਾ ਹੀ ਨਹੀਂ ਸੀ। ਉਸ ਨੇ ਆਪਣੇ ਭਰਾ ਨੂੰ ਪਰਧਾਨ ਵਜ਼ੀਰ ਦੇ ਅਹੁਦੇ ਤੋਂ ਹਟਾਉਣ ਦਾ ਨਿਸ਼ਚਾ ਕਰ ਲਿਆ ਸੀ ਪਰ ਪਹਿਲਾਂ ਰਜਮੈਂਟਾਂ ਨੂੰ ਸ਼ਾਂਤ ਤੇ ਕੰਟਰੋਲ ਕਰਨਾ ਅਤੀ ਜਰੂਰੀ ਸੀ। ਰਜਮੈਂਟਾਂ ਦੇ ਪੰਚ ਜਵਾਹਰ ਸਿੰਘ ਨੂੰ ਉਨ੍ਹਾਂ ਦੇ ਸਾਹਮਣੇ ਪੇਸ਼ ਹੋਣ ਲਈ ਹੁਕਮ ਭੇਜ ਰਹੇ ਸਨ ਪਰ ਜਵਾਹਰ ਸਿੰਘ ਬਾਹਰ ਨਹੀਂ ਸੀ ਆ ਰਿਹਾ। ਅਖੀਰ ਮਹਾਰਾਣੀ ਨੇ ਫੌਜੀ ਪੰਚਾਂ ਨੂੰ ਕਿਹਾ ਕਿ ਉਹ ਜਿਥੇ ਵੀ ਕਹਿਣਗੇ ਜਵਾਹਰ ਸਿੰਘ ਨੂੰ ਉਥੇ ਹੀ ਲਿਆਂਦਾ ਜਾਵੇਗਾ। ਰਜਮੈਂਟਾਂ ਨੇ ਕਿਲੇ ਵਿਚ ਹੀ ਇਕ ਥਾਂ 'ਤੇ ਫੌਜ ਦੇ ਇਕੱਠ ਵਿਚ ਮਹਾਰਾਣੀ ਵਾਸਤੇ ਟੈਂਟ ਲਗਾ ਕੇ ਉਥੇ ਹੀ ਪੇਸ਼ ਕਰਨ ਦੇ ਹੁਕਮ ਦਿਤੇ। ਮਹਾਰਾਣੀ ਦੇ ਆਦੇਸ਼ ਤੇ ਜਵਾਹਰ ਸਿੰਘ ਬਾਹਰ ਆਇਆ ਪਰ ਉਹ ਬਾਲ ਮਹਾਰਾਜੇ ਨੂੰ ਆਪਣੀ ਗੋਦ ਵਿਚ ਬਿਠਾ ਕੇ ਹਾਥੀ ਉਪਰ ਬੈਠ ਕੇ ਆਇਆ। ਉਸ ਦਾ ਖਿਆਲ ਸੀ ਮਹਾਰਾਜੇ ਦੇ ਗੋਦ ਵਿਚ ਹੋਣ ਕਰਕੇ ਕੋਈ ਫੌਜੀ ਉਸ ਨਾਲ ਹੱਥੋਪਾਈ ਨਹੀਂ ਕਰੇਗਾ। ਮਹਾਰਾਣੀ ਨੇ ਫੌਜ ਦੇ ਇਕੱਠ ਵਿਚ ਖੜੋ ਕਿ ਇਉਂ ਭਾਸ਼ਣ ਦਿੱਤਾ : "ਮੇਰਾ ਭਰਾ ਕਸੂਰਵਾਰ ਅਤੇ ਪਾਪੀ ਹੈ। ਤੁਹਾਨੂੰ ਆਪਣੀ ਵਰਦੀ ਦੀ ਮੁਆਫੀ ਸਦਕਾ ਉਸ ਦੇ ਸਭ ਪਾਪ ਅਤੇ ਕਸੂਰ ਛੁਪਾ ਲੈਣੇ ਚਾਹੀਦੇ ਹਨ ਅਤੇ ਉਸ ਨੂੰ ਭੈੜੇ ਕੰਮਾਂ ਦੇ ਬਦਲੇ ਉਸ ਨੂੰ ਸਜ਼ਾ ਦੇਣ ਦਾ ਖਿਆਲ ਛੱਡ ਦੇਣਾ ਚਾਹੀਦਾ ਹੈ। ਇਸ ਸਮੇਂ ਉਹ ਤੁਹਾਡੀ ਸ਼ਰਨ ਵਿਚ ਆਇਆ ਹੈ। ਇਸ ਲਈ ਉਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਤੁਹਾਡੇ ਤੇ ਆਉਂਦੀ ਹੈ। ਸਭ ਹਿੰਦੀ ਅਤੇ ਫਾਰਸੀ ਦੀਆਂ ਧਰਮ ਪੁਸਤਕਾਂ ਵਿਚ ਲਿਖਿਆ ਹੈ ਕਿ ਸ਼ਰਨ ਆਏ ਨੂੰ ਮਾਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਤੁਹਾਨੂੰ ਵੀ ਵੇਦਾਂ ਤੇ ਪੁਰਾਣਾਂ ਅਨੁਸਾਰ ਅਮਲ ਕਰਨਾ ਚਾਹੀਦਾ ਹੈ। ਅਮਲਾਂ ਦੇ ਨਿਬੇੜੇ ਹੋਣ ਵਾਲੇ ਦਿਨ ਉਹ ਤੁਹਾਡੇ ਸਾਰਿਆਂ ਦੀ ਰਿਣੀ ਹੋਵੇਗੀ। ਇਸ ਲਈ ਕੀ ਤੁਸੀਂ ਮੇਰੇ ਭਰਾ ਦੀ ਜ਼ਿੰਦਗੀ ਬਖਸ਼ ਸਕਦੇ ਹੋ ? ਮੈਂ ਤੁਹਾਡੀ ਵਫ਼ਾਦਾਰੀ ਦੀ ਰੱਸੀ ਆਪਣੀ ਗਰਦਨ ਵਿਚ ਪੁਆਉਣੀ ਮਨਜ਼ੂਰ ਕਰ ਲਵਾਂਗੀ ਅਤੇ ਤੁਹਾਨੂੰ ਬਹੁਤ ਕੀਮਤੀ ਇਨਾਮ ਦਿਆਂਗੀ। ਤੁਹਾਡੀਆਂ ਤਨਖ਼ਾਹਾਂ ਵਿਚ ਭਾਰੀ ਵਾਧਾ ਕਰਾਂਗੀ। ਤੁਹਾਨੂੰ ਮੇਰੀ ਬੇਨਤੀ ਅਤੇ ਮੇਰੇ ਸ਼ਬਦਾਂ ਨੂੰ ਮੰਨਣਾ ਚਾਹੀਦਾ ਹੈ ਕਿਉਂਕਿ ਉਹ ਮੇਰਾ ਭਰਾ ਹੈ ਅਤੇ ਮੈਨੂੰ ਜਾਨ ਨਾਲੋਂ ਵੀ ਜ਼ਿਆਦਾ ਪਿਆਰਾ ਹੈ।"

ਅਜੇ ਮਹਾਰਾਣੀ ਸਾਹਿਬਾ ਬੋਲ ਕੇ ਚੁੱਪ ਹੀ ਹੋਈ ਸੀ ਕਿ ਇਕ ਸਿਪਾਹੀ ਉਠਿਆ, ਉਸ ਨੇ ਜਵਾਹਰ ਸਿੰਘ ਦੇ ਹਾਥੀ ਦਾ ਸੁੰਡ ਫੜਿਆ, ਉਸ ਨੂੰ ਬਿਠਾਇਆ ਅਤੇ ਮਹਾਰਾਜੇ ਨੂੰ ਉਸ ਦੀ ਗੋਦ ਵਿਚੋਂ ਚੁੱਕ ਕੇ ਜਵਾਹਰ ਸਿੰਘ ਦਾ ਸਿਰ ਤਲਵਾਰ ਨਾਲ ਵੱਢ ਸੁੱਟਿਆ। ਇਹ ਕਤਲ ਫੌਜ ਦੇ ਆਪ ਮੁਹਾਰਾ ਹੋਣ ਦੀ ਇਕ ਹੱਦ ਸੀ। ਮਹਾਰਾਜਾ ਅਤੇ ਮਹਾਰਾਣੀ ਦੇ ਸਾਹਮਣੇ ਖੜੇ ਹੋਣ ਦੇ ਬਾਵਜੂਦ ਵੀ ਬਿਨਾਂ ਉਨ੍ਹਾਂ ਨੂੰ ਕੁਝ ਪੁੱਛੇ ਦੱਸੇ ਦੇ ਉਨ੍ਹਾਂ ਦੇ ਆਪਣੇ ਸਕੇ ਸਬੰਧੀ ਨੂੰ ਮਾਰ ਦੇਣਾ ਇਕ ਸਿੱਧੀ ਬਗਾਵਤ ਸੀ। ਜਿਹੜੇ ਖਾਲਸਾ ਫੌਜੀ ਸਨ ਉਨ੍ਹਾਂ ਨੇ ਤੁਰੰਤ ਮਹਾਰਾਜੇ ਅਤੇ ਮਹਾਰਾਣੀ ਨੂੰ ਆਪਣੀ ਸੁਰੱਖਿਆ ਵਿਚ ਲੈ ਕੇ ਨਾਲ ਲਗਦੇ ਟੈਂਟ ਵਿਚ ਲੈ ਗਏ। ਡੋਗਰੇ ਸੈਨਿਕ ਜਵਾਹਰ ਸਿੰਘ ਦੇ ਹਰ ਸਬੰਧੀ ਮਾਰ ਰਹੇ ਸਨ। ਮੀਆਂ ਪਿਰਥੀ ਸਿੰਘ ਇਨ੍ਹਾਂ ਦੀ ਅਗਵਾਈ ਕਰ ਰਿਹਾ ਸੀ।" ਉਸ ਨੇ ਆਪ ਪਰਧਾਨ ਮੰਤਰੀ ਬਣਨ ਦਾ ਐਲਾਨ ਕਰ ਦਿਤਾ ਸੀ। ਪਰ ਛੇਤੀ ਹੀ ਸਾਰੇ ਖਾਲਸਾ ਫੌਜੀ ਮਹਾਰਾਣੀ ਦੁਆਲੇ ਇਕੱਠੇ ਹੋ ਗਏ ਇਸ ਤਰ੍ਹਾਂ ਮਹਾਰਾਣੀ ਉਨ੍ਹਾਂ ਦੇ ਕਹਿਰ ਤੋਂ ਬਚ ਗਈ। ਮਹਾਰਾਣੀ ਅਤੇ ਮਹਾਰਾਜੇ ਨੂੰ ਮਹਿਲਾਂ ਵਿਚ ਲਿਆਂਦਾ ਗਿਆ ਜਿਥੇ ਉਸ ਦੇ ਬਾਹਰ ਨਿਕਲਣ 'ਤੇ ਪਾਬੰਦੀ ਲਗਾ ਦਿਤੀ ਗਈ। ਭਾਵੇਂ ਉਸ ਦੇ ਭਰਾ ਦੀ ਲਾਸ਼ ਤਾਂ ਉਸ ਨੂੰ ਸੌਂਪ ਦਿੱਤੀ ਗਈ ਸੀ ਪਰ ਉਸ ਨੂੰ ਸੰਸਕਾਰ ਕਰਨ ਵਿਚ ਸ਼ਾਮਲ ਨਾ ਹੋਣ ਦਿਤਾ ਗਿਆ। ਜਦੋਂ ਇਸ ਬਾਰੇ ਮਹਾਰਾਣੀ ਨੇ ਧਮਕੀ ਦਿਤੀ ਕਿ ਜੇ ਉਸ ਨੂੰ ਮਹਿਲਾਂ ਤੋਂ ਬਾਹਰ ਨਾ ਨਿਕਲਣ ਦਿਤਾ ਗਿਆ ਤਾਂ ਉਹ ਮਹਾਰਾਜੇ ਸਮੇਤ ਆਤਮਦਾਹ ਕਰ ਲਵੇਗੀ।" ਇਸ 'ਤੇ ਮਹਾਰਾਣੀ ਦੇ ਮਹਿਲਾਂ ਦੁਆਲਿਉਂ ਫੌਜ ਦਾ ਘੇਰਾ ਚੁੱਕਿਆ ਗਿਆ ਅਤੇ ਮਹਾਰਾਣੀ ਆਪਣੇ ਪੁੱਤਰ ਨੂੰ ਲੈ ਕੇ ਸਿੱਖ ਰਜਮੈਂਟਾਂ ਵਿਚ ਪਹੁੰਚ ਗਈ। ਉਸ ਨੇ ਸੁਨੇਹੇ ਭੇਜ ਕੇ ਸਭ ਸਿੱਖ ਰਜਮੈਂਟਾਂ ਨੂੰ ਉਥੇ ਇਕੱਠੇ ਹੋਣ ਲਈ ਕਿਹਾ। ਸਿੱਟੇ ਵਜੋਂ ਸਿੱਖ ਰਜਮੈਂਟਾਂ ਦੀ ਬਹੁਤਾਤ ਹੋ ਗਈ। ਮਹਾਰਾਣੀ ਨੇ ਇਨ੍ਹਾਂ ਨੂੰ ਹੁਕਮ ਦਿਤਾ ਕਿ ਉਹ ਮੀਆਂ ਪਿਰਥੀ ਸਿੰਘ ਨੂੰ ਤੁਰੰਤ ਗਰਿਫ਼ਤਾਰ ਕਰ ਲੈਣ ਅਤੇ ਡੋਗਰਾ ਫੌਜ ਨੂੰ ਵੀ ਬੰਦੀ ਬਣਾ

ਲੈਣ। ਸਿੱਖ ਫੌਜੀਆਂ ਨੇ ਤੁਰੰਤ ਹੱਲਾ ਕਰਕੇ ਡੋਗਰਾ ਫੌਜੀਆਂ ਨੂੰ, ਸਮੇਤ ਮੀਆਂ ਪਿਰਥੀ ਸਿੰਘ ਦੇ, ਬੰਦੀ ਬਣਾ ਲਿਆ। ਪਰ ਇਨ੍ਹਾਂ ਬੰਦੀ ਕੀਤੇ ਵਿਅਕਤੀਆਂ ਨੂੰ ਰਾਜਾ ਗੁਲਾਬ ਸਿੰਘ ਨੇ ਕੁਝ ਦਿਨਾਂ ਪਿਛੋਂ, ਮਹਾਰਾਣੀ ਪਾਸੋਂ ਸਿਫਾਰਸ਼ ਕਰਵਾ ਕੇ ਛੁਡਵਾ ਲਿਆ ਸੀ। ਇਨ੍ਹਾਂ ਸਭ ਨੂੰ ਲਾਹੌਰ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਮਹਾਰਾਣੀ ਨੂੰ ਇਹ ਛੱਡ-ਛਡਾ ਮਜ਼ਬੂਰਨ ਕਰਨਾ ਪੈ ਰਿਹਾ ਸੀ। ਉਹ ਉਮੀਦ ਕਰਦੀ ਸੀ ਕਿ ਜੇਕਰ ਇਸ ਤਰ੍ਹਾਂ ਕੁਝ ਲੈਣ-ਦੇਣ ਨਾਲ ਹੀ ਲਾਹੌਰ ਦਰਬਾਰ ਲਈ ਚੰਗਾ ਸਮਾਂ ਆ ਜਾਵੇ ਤਾਂ ਵੀ ਇਸ ਵਿਚ ਕੁਝ ਮਾੜਾ ਨਹੀਂ ਹੈ। ਪਰ ਫੌਜ ਇਸ ਕਦਰ ਬਿਗੜ ਚੁੱਕੀ ਸੀ ਕਿ ਰਾਜ-ਪਰਬੰਧ ਨੂੰ ਸੰਭਾਲਣ ਦੀ ਗੱਲ ਸਭ ਅੰਦਾਜ਼ਿਆਂ ਤੋਂ ਬਾਹਰ ਹੋ ਰਹੀ ਸੀ। ਸਭ ਪਾਸੇ ਅੰਗਰੇਜ਼ਾਂ ਉਪਰ ਹਮਲਾ ਕਰਨ ਦੀਆਂ ਹੀ ਗੱਲਾਂ ਹੋ ਰਹੀਆਂ ਸਨ। ਸਭ ਦਰਬਾਰੀ ਲਾਹੌਰ ਛੱਡ ਕੇ ਕਿਧਰੇ ਬਾਹਰ ਗੁਪਤ ਥਾਵਾਂ 'ਤੇ ਚਲੇ ਗਏ ਸਨ। ਕਿਸੇ ਨੂੰ ਆਪਣੇ ਭਵਿੱਖ ਦਾ ਕੋਈ ਭਰੋਸਾ ਨਹੀਂ ਸੀ। ਇਹ ਵੀ ਪਤਾ ਨਹੀਂ ਸੀ ਕਿ ਫੌਜ ਕਿਸ ਦੇ ਹੱਕ ਦੀ ਹੈ ਅਤੇ ਕਿਸ ਦੇ ਵਿਰੋਧ ਵਿਚ ਹੈ। ਜਿਸ ਧੜੇ ਦਾ ਜ਼ੋਰ ਪੈ ਜਾਂਦਾ ਸੀ ਉਹ ਧੜਾ ਆਪਣੇ ਵਿਰੋਧੀ ਦਾ ਮਲੀਆਮੇਟ ਕਰ ਦਿੰਦਾ ਸੀ। ਸ਼ਾਹ ਮੁਹੰਮਦ ਨੇ ਕਿੰਨੀ ਢੁੱਕਵੀਂ ਲਾਈਨ ਲਿਖੀ ਹੈ :

ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕ ਦੇ
ਭੂਤ ਮੰਡਲੀ ਹੋਈ ਤਿਆਰ ਮੀਆਂ।

ਇਹ ਫੌਜੀ ਲਾ-ਕਾਨੂੰਨੀ ਜਾਂ ਬਦਅਮਨੀ ਦੀ ਇੰਤਹਾ ਸੀ। ਇਸ ਇੰਤਹਾ ਸਮੇਂ ਲਾਹੌਰ ਵਿਚ ਸਨ ਸਿਰਫ ਮਹਾਰਾਣੀ ਅਤੇ ਉਸ ਦਾ ਨਿਆਣਾ ਪੁੱਤਰ ਦਲੀਪ ਸਿੰਘ। ਜਦੋਂ ਵੀ ਮਹਾਰਾਣੀ ਦੇ ਕੰਮਾਂ ਦਾ ਮੁੱਲ ਅੰਕਣ ਕਰਨਾ ਹੈ ਇਨ੍ਹਾਂ ਹਾਲਾਤ ਦੀ ਰੋਸ਼ਨੀ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ। ਮਹਾਰਾਣੀ ਕਿਸ ਤਰ੍ਹਾਂ ਹਰ ਸਮੇਂ ਮੌਤ ਦੇ ਮੂੰਹ ਵਿਚ ਪਈ ਰਹਿੰਦੀ ਸੀ। ਇਸ ਸਮੇਂ ਜਾਂ ਤਾਂ ਉਸ ਦਾ ਹੌਂਸਲਾ ਅਤੇ ਹਿੰਮਤ ਕੰਮ ਕਰਦੇ ਸਨ ਤੇ ਜਾਂ ਉਸ ਦੇ ਵਫਾਦਾਰ ਸਾਥੀ। ਦਰਬਾਰੀ ਥੋੜੀ ਜਿਹੀ ਗੜਬੜ ਹੋਣ 'ਤੇ ਹੀ ਲਾਹੌਰ ਵਿਚੋਂ ਇਉਂ ਭੱਜ ਨਿਕਲਦੇ ਸਨ ਜਿਵੇਂ ਕਿ ਉਨ੍ਹਾਂ ਦਾ ਇਸ ਨਾਲ ਕੋਈ ਵਾਸਤਾ ਹੀ ਨਹੀਂ ਹੁੰਦਾ ਸੀ। ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ ਕਿ ਮਹਾਰਾਣੀ ਕਿਥੇ ਭੱਜ ਕੇ ਜਾਂਦੀ। ਉਸ ਦੀ ਭਾਜ ਉਸ ਦੀ ਮੌਤ ਹੋਣੀ ਸੀ ਅਤੇ ਉਸ ਦਾ ਅੜ ਕੇ ਖੜੇ ਰਹਿਣਾ ਉਸ ਦੀ ਸਚਾਈ ਦਾ ਪਰਤੀਕ ਹੋਣਾ ਸੀ। ਮਹਾਰਾਣੀ ਹਰ ਸੰਕਟ ਵਿਚ ਅੜ ਕੇ ਖਲੋ ਜਾਂਦੀ ਸੀ। ਕੀ ਇਸ ਤੋਂ ਵੱਡਾ ਕੋਈ ਹੋਰ ਹੋ ਸਬੂਤ ਸਕਦਾ ਹੈ ਸਚਾਈ ਦਾ ? ਰਾਜਾ ਹੀਰਾ ਸਿੰਘ ਕਿੰਨਾ ਯੋਗ ਅਤੇ ਨਿਪੁੰਨ ਸੀ ਪਰ ਫੌਜ ਦਾ ਸਾਹਮਣਾ ਉਹ ਵੀ ਨਹੀਂ ਕਰ ਸਕਿਆ। ਮੀਆਂ ਪਿਰਥੀ ਸਿੰਘ ਵਰਗੇ ਬੰਦਿਆਂ ਨੇ ਫੌਜ ਨੂੰ ਭੜਕਾ ਜਰੂਰ ਦਿਤਾ ਸੀ ਪਰ ਲਗਾਤਾਰ ਫੌਜ ਸਾਹਮਣੇ ਉਹ ਵੀ ਨਹੀਂ ਖੜੋ ਸਕਿਆ। ਇਹ ਸਭ ਇਸ ਕਰਕੇ ਹੀ ਸੀ ਕਿ ਉਨ੍ਹਾਂ ਦੇ ਪੱਲੇ ਸੱਚ ਨਹੀਂ ਸੀ। ਜਿਸ ਦੇ ਪੱਲੇ ਸੱਚ ਨਹੀਂ ਹੁੰਦਾ ਉਹ ਹੀ ਮਾਲ ਅਸਬਾਬ ਚੁੱਕ ਕੇ ਦੌੜਦਾ ਹੈ। ਜਿਵੇਂ ਮਹਾਰਾਣੀ ਦੇ ਖਿਲਾਫ਼ ਉਸ ਦੇ ਵਿਰੋਧੀਆਂ ਵਲੋਂ ਉਸ ਦੇ ਇਸ਼ਕ ਦੇ ਕਿੱਸੇ ਫੈਲਾਏ ਗਏ ਸਨ, ਜਿਵੇਂ ਉਸ ਦੇ ਗਰਭ ਠਹਿਰਣ ਦੀਆਂ ਤੇ ਫਿਰ ਗਰਭਪਾਤ ਕਰਨ ਦੀਆਂ ਗੱਲਾਂ ਫੈਲਾਈਆਂ ਗਈਆਂ ਸਨ ਜੇਕਰ ਇਹ ਸੱਚ ਹੁੰਦੀਆਂ ਤਾਂ ਮਹਾਰਾਣੀ ਕਦੇ ਵੀ ਭੂਸਰੇ ਹੋਏ ਫੌਜੀਆਂ ਦੇ ਵਿਚਕਾਰ ਆ ਕੇ ਇਤਨੇ ਆਤਮ-ਵਿਸ਼ਵਾਸ ਨਾਲ ਨਹੀਂ ਖੜੀ ਹੋ ਸਕਦੀ ਸੀ ਜਿਵੇਂ ਕਿ ਉਹ ਹਰ ਸੰਕਟ ਸਮੇਂ ਖੜਦੀ ਰਹੀ ਸੀ। ਉਸ ਨੇ ਰਾਜਾ ਹੀਰਾ ਸਿੰਘ ਵਾਂਗ ਕਦੋਂ ਦਾ ਆਪਣਾ ਖ਼ਜ਼ਾਨਾ ਚੁੱਕ ਕੇ ਅੰਗਰੇਜ਼ੀ ਇਲਾਕੇ ਵਲ ਭੱਜ ਜਾਣਾ ਸੀ। ਉਸ ਤੋਂ ਪਹਿਲਾਂ ਅਨੇਕਾਂ ਸਿੱਖ ਸਰਦਾਰ ਇਹ ਕੰਮ ਕਰ ਚੁੱਕੇ ਸਨ। ਸ. ਫਤਿਹ ਸਿੰਘ ਆਹਲੂਵਾਲੀਆ, ਸੰਧਾਵਾਲੀਏ ਸਰਦਾਰ, ਕੰਵਰ ਪਿਸ਼ੌਰਾ ਸਿੰਘ ਅਤੇ ਸ. ਲਹਿਣਾ ਸਿੰਘ ਮਜੀਠੀਆ ਆਦਿ ਇਸ ਤਰ੍ਹਾਂ ਭੱਜ ਚੁੱਕੇ ਸਨ। ਇਨ੍ਹਾਂ ਸਭ ਗੱਲਾਂ ਨੂੰ ਮਹਾਰਾਣੀ ਦਾ ਰੋਲ ਜਾਣਨ ਲਈ ਮੁੱਦੇ-ਨਜ਼ਰ ਰੱਖਣਾ ਚਾਹੀਦਾ ਹੈ। ਮਹਾਰਾਣੀ ਤਾਂ ਸਗੋਂ ਹਰ ਸੰਕਟ ਵਿਚ ਹਿੱਕ ਤਾਣ ਕੇ ਖਲੋਂਦੀ ਰਹੀ ਸੀ। ਇਹੀ ਕਾਰਨ ਸੀ ਕਿ ਭੂਸਰੇ ਹੋਏ ਫੌਜੀ-ਬੁਰਛੇ ਮਹਰਾਣੀ ਨੂੰ ਹਿੱਕ ਤਾਣ ਕੇ ਖਲੋਤੀ ਹੋਈ ਨੂੰ ਦੇਖ ਕੇ ਹੈਰਾਨ ਹੋ ਜਾਂਦੇ ਸਨ ਅਤੇ ਹਥਿਆਰ ਸੁੱਟ ਦਿੰਦੇ ਸਨ। ਫੌਜੀਆਂ ਨੂੰ ਮਹਾਰਾਣੀ ਉਨ੍ਹਾਂ ਨਾਲੋਂ ਵੀ ਜ਼ਿਆਦਾ ਤਾਕਤਵਰ ਲਗਦੀ ਸੀ। ਸੱਚੇ ਅਤੇ ਵਫਾਦਾਰ ਵਿਅਕਤੀ ਦਾ ਅਜਿਹਾ ਹੀ ਪਰਭਾਵ ਹੁੰਦਾ ਹੈ।

ਗੱਲ ਇਕੱਲੀ ਮਹਾਰਾਣੀ ਦੀ ਹੀ ਨਹੀਂ ਹੈ ਇਹ ਗੱਲ ਉਸਦੇ ਵਫ਼ਾਦਾਰ ਸਾਥੀਆਂ ਉੱਤੇ ਵੀ ਢੁੱਕਦੀ ਹੈ। ਇਸ ਸੰਕਟ ਦੇ ਸਮੇਂ ਉਸ ਨਾਲ ਹਰ ਸਮੇਂ ਸਾਥ ਦੇਣ ਵਾਲੇ ਸਨ ਰਾਜਾ ਲਾਲ ਸਿੰਘ ਅਤੇ ਦਾਸੀ ਮੰਗਲਾਂ। ਕਿਸੇ ਸੂਰਬੀਰ ਪਿਛੋਕੜ ਵਾਲੇ ਸਿੱਖ ਸਰਦਾਰ ਜਾਂ ਕਰਨੈਲ ਦਾ ਫਾਇਦਾ ਹੀ ਕੀ ਸੀ ਜੇਕਰ ਉਹ ਸੰਕਟ ਦੇ ਸਮੇਂ ਮਹਾਰਾਣੀ ਦਾ ਸਾਥ ਛੱਡ ਕੇ ਭੱਜ ਗਿਆ ਹੋਵੇ ? ਦੂਜੇ ਪਾਸੇ ਮਹਾਰਾਣੀ ਦੀ ਸੋਚ ਦੇਖੋ ਕਿ ਕਿਵੇਂ ਉਹ ਸੰਕਟ ਉਪਰ ਕਾਬੂ ਪਾ ਕੇ ਫਿਰ ਉਨ੍ਹਾਂ ਹੀ ਭੱਜ

ਗਏ ਸਰਦਾਰਾਂ ਨੂੰ ਹਕੂਮਤ ਸੰਭਾਲਣ ਦੇ ਸੁਨੇਹੇ ਭੇਜਦੀ ਸੀ।

ਮਹਾਰਾਣੀ ਦੇ ਸਾਹਮਣੇ ਇਕ ਬਾਦਸ਼ਾਹਤ ਸੀ, ਇਕ ਤਖ਼ਤ ਸੀ ਅਤੇ ਇਕ ਸੁਤੰਤਰ ਕੌਮ ਦਾ ਸੰਕਲਪ ਸੀ। ਰਾਜਾ ਲਾਲ ਸਿੰਘ ਦਾ ਪਿਛੋਂ ਦਾ ਕਿਰਦਾਰ ਭਾਵੇਂ ਕਿਹੋ ਜਿਹਾ ਵੀ ਰਿਹਾ ਹੋਵੇ ਪਰ ਪਹਿਲਾਂ ਉਹ ਹਰ ਸੰਕਟ ਸਮੇਂ ਮਹਾਰਾਣੀ ਨਾਲ ਜੁੜਿਆ ਰਿਹਾ। ਜੇ ਕਰ ਇਸ਼ਕ ਦੇ ਕਿੱਸੇ ਸੱਚੇ ਹੁੰਦੇ ਤਾਂ ਫੌਜੀਆਂ ਨੇ ਕਦੇ ਵੀ ਲਾਲ ਸਿੰਘ ਨੂੰ ਛੱਡਣਾ ਨਹੀਂ ਸੀ ਅਤੇ ਨਾ ਹੀ ਲਾਲ ਸਿੰਘ ਨੇ ਉਥੇ ਅੜੇ ਰਹਿਣਾ ਸੀ। ਉਹ ਵੀ ਬਾਕੀ ਦਰਬਾਰੀਆਂ ਵਾਂਗ ਭੱਜ ਸਕਦਾ ਸੀ। ਜੇ ਉਹ ਸੱਚਮੁੱਚ ਹੀ ਮਹਾਰਾਣੀ ਦਾ ਪਰੇਮੀ ਸੀ ਤਾਂ ਉਹ ਸੱਚਾ ਪਰੇਮੀ ਸੀ ਅਤੇ ਪਰੇਮ ਪਿਛੇ ਆਪਣੀ ਜਾਨ ਵਾਰ ਦੇਣ ਵਾਲਾ ਸੀ। ਆਖਰ ਪਿਆਰ ਵੀ ਤਾਂ ਇਨਸਾਨ ਦੀ ਇਕ ਪਰਮੁੱਖ ਲੋੜ ਹੈ। ਜੇ ਇਸ ਪਰੇਮ ਨੇ ਮਹਾਰਾਣੀ ਨੂੰ ਲੜਨ ਤੋਂ ਭਜਾਇਆ ਹੈ ਜਾਂ ਗੀਦੀ ਬਣਾਇਆ ਹੈ ਫਿਰ ਤਾਂ ਇਹ ਮਾੜਾ ਕਿਹਾ ਜਾ ਸਕਦਾ ਹੈ ਪਰ ਜਿਸ ਤਰ੍ਹਾਂ ਮਹਾਰਾਣੀ ਨੇ ਤੇ ਰਾਜਾ ਲਾਲ ਸਿੰਘ ਨੇ ਇਕੱਠਿਆਂ ਹਰ ਸੰਕਟ ਵਿਚ ਸਾਥ ਦਿਤਾ ਹੈ ਤਾਂ ਇਕ ਗੱਲ ਜਰੂਰ ਹੈ ਕਿ ਜਾਂ ਤਾਂ ਇਨ੍ਹਾਂ ਦਾ ਰਿਸ਼ਤਾ ਇਕ ਪਵਿੱਤਰਤਾ ਭਰਿਆ ਸੀ ਜਾਂ ਪਰੇਰਨਾ ਦੇਣ ਵਾਲਾ ਸੀ ਤੇ ਉਹ ਰਿਸ਼ਤਾ ਭਾਵੇਂ ਕਿਹੋ ਜਿਹਾ ਹੀ ਸੀ ਤੇ ਜਾਂ ਉਹ ਸਭ ਗੱਲਾਂ ਇਕ ਦਮ ਨਿਰਆਧਾਰ ਸਨ।

23 ਸਤੰਬਰ, 1845 ਤਕ ਸਾਰੀ ਸਥਿਤੀ ਮਹਾਰਾਣੀ ਦੇ ਹੱਥ ਵਿਚ ਆ ਗਈ ਸੀ। ਉਸ ਨੇ ਹਕੂਮਤ ਨੂੰ ਆਪਣੇ ਹੱਥ ਵਿਚ ਲੈ ਲਿਆ ਅਤੇ ਤਿੰਨ ਵਜ਼ੀਰ ਆਪਣੀ ਸਲਾਹ ਲਈ ਨਿਯੁਕਤ ਕਰ ਲਏ ਸਨ। ਇਹ ਸਨ : ਭਾਈ ਰਾਮ ਸਿੰਘ, ਦੀਵਾਨ ਦੀਨਾ ਨਾਥ ਅਤੇ ਰਾਜਾ ਲਾਲ ਸਿੰਘ। 23 ਸਤੰਬਰ ਤੋਂ ਲੈ ਕੇ 6 ਨਵੰਵਰ ਤਕ ਮਹਾਰਾਣੀ ਨੇ ਕਿਸੇ ਨੂੰ ਵੀ ਪਰਧਾਨ ਵਜ਼ੀਰ ਦੇ ਤੌਰ 'ਤੇ ਨਿਯੁਕਤ ਨਹੀਂ ਸੀ ਕੀਤਾ। ਉਹ ਇਸ ਤਲਾਸ਼ ਵਿਚ ਸੀ ਕਿ ਕੋਈ ਯੋਗ ਸਰਦਾਰ ਆ ਕੇ ਇਹ ਜਿੰਮੇਵਾਰੀ ਸੰਭਾਲੇ ਪਰ ਕੋਈ ਵੀ ਯੋਗ ਸਰਦਾਰ ਆਪਣੀਆਂ ਸੇਵਾਵਾਂ ਲੈ ਕੇ ਹਾਜ਼ਰ ਨਾ ਹੋਇਆ। ਅਖ਼ੀਰ ਦਰਬਾਰ ਦੇ ਅਧਿਕਾਰੀਆਂ ਨੇ ਮਹਾਰਾਣੀ ਨੂੰ ਅਧਿਕਾਰ ਦਿਤਾ ਕਿ ਉਹ ਰਾਜਾ ਲਾਲ ਸਿੰਘ ਨੂੰ ਪ੍ਰਧਾਨ ਵਜ਼ੀਰ ਬਣਾ ਦੇਵੇ। ਉਹ ਸਾਰੇ ਉਸ ਦਾ ਹੁਕਮ ਮੰਨਣਗੇ। ਸਰਦਾਰ ਚਤਰ ਸਿੰਘ ਅਟਾਰੀਵਾਲਾ ਵੀ ਇਸ ਗੱਲ ਲਈ ਸਹਿਮਤ ਸੀ। ਮਹਾਰਾਣੀ ਨੇ ਫੌਜੀ ਪੰਚਾਂ ਕੋਲੋਂ ਰਾਜਾ ਲਾਲ ਸਿੰਘ ਦੇ ਨਾਂ ਦੀ ਮਨਜ਼ੂਰੀ ਲਈ। ਫੌਜੀ ਪੰਚਾਂ ਨੇ ਮਨਜ਼ੂਰੀ ਦੇ ਦਿਤੀ। 8 ਨਵੰਬਰ, 1845 ਨੂੰ ਲਾਹੌਰ ਦਰਬਾਰ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ। ਇਸ ਇਜਲਾਸ ਵਿਚ ਸਾਰੇ ਸੀਨੀਅਰ ਅਤੇ ਜੂਨੀਅਰ ਅਧਿਕਾਰੀ ਸ਼ਾਮਲ ਹੋਏ। ਰਾਜਾ ਲਾਲ ਸਿੰਘ ਨੂੰ ਰਾਜਗੀ ਦਾ ਖ਼ਿਤਾਬ ਦੇ ਕੇ ਪਰਧਾਨ ਵਜ਼ੀਰ ਐਲਾਨਿਆ ਗਿਆ। ਸਭ ਅਧਿਕਾਰੀਆਂ ਨੇ ਦਰਬਾਰ ਦੀ ਮਰਯਾਦਾ ਅਨੁਸਾਰ ਰਾਜਾ ਲਾਲ ਸਿੰਘ ਨੂੰ ਨਜ਼ਰਾਨੇ ਪੇਸ਼ ਕੀਤੇ। ਇਥੋਂ ਤਕ ਸਭ ਕੁਝ ਠੀਕ ਚਲ ਰਿਹਾ ਸੀ।

ਦੂਸਰਾ ਖਾਲੀ ਅਹੁਦਾ ਸੀ ਸੈਨਾਪਤੀ ਦਾ। ਅਸਲ ਵਿਚ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਤੋਂ ਪਿੱਛੋਂ ਲਾਹੌਰ ਵਿਚਲੀ ਤਾਇਨਾਤ ਸੈਨਾ ਬਿਨਾ ਕਿਸੇ ਸੈਨਾਪਤੀ ਦੇ ਹੀ ਚਲਦੀ ਆ ਰਹੀ ਸੀ। ਸਿੱਖ ਜਾਂ ਡੋਗਰਾ ਰਜਮੈਂਟਾਂ ਆਪੋ ਆਪਣੇ ਕਮਾਂਡਰਾਂ ਹੇਠ ਹੀ ਕੰਮ ਕਰ ਰਹੀਆਂ ਸਨ ਅਤੇ ਇਕ ਰਜਮੈਂਟ ਦਾ ਦੂਜੀ ਨਾਲ ਕੋਈ ਤਾਲਮੇਲ ਨਹੀਂ ਸੀ। ਜਦੋਂ ਵੀ ਕਦੇ ਦੋ ਚਾਰ ਰਜਮੈਂਟਾਂ ਦੇ ਕਮਾਂਡਰ ਇਕੱਠੇ ਹੋ ਕੇ ਹਮਲਾ ਕਰਨਾਂ ਚਾਹੁੰਦੇ ਤਾਂ ਉਹ ਹੀ ਸਾਰੀ ਸਥਿਤੀ ਨੂੰ ਆਪਣੇ ਹੱਥ ਵਿਚ ਕਰ ਲੈਂਦੇ ਸਨ। ਕੁਝ ਸਮਾਂ ਪਾਕੇ ਜਦੋਂ ਕੋਈ ਹੋਰ ਧਿਰ ਦੋ ਚਾਰ ਰਜਮੈਂਟਾਂ ਇਕੱਠੀਆਂ ਕਰ ਲੈਂਦੀ ਤਾਂ ਉਹ ਪਹਿਲੀ ਸਥਿਤੀ ਨੂੰ ਬਦਲਾ ਕੇ ਆਪਣਾ ਕਬਜ਼ਾ ਕਰ ਲੈਂਦੀ ਸੀ। ਲਗਾਤਾਰ ਸਾਰਾ ਸਮਾਂ ਇਸੇ ਤਰ੍ਹਾਂ ਹੀ ਹੁੰਦਾ ਆ ਰਿਹਾ ਸੀ। ਮਹਾਰਾਣੀ ਨੇ ਸੈਨਾਪਤੀ ਦੀ ਨਿਯੁਕਤੀ ਕਰਨੀ ਚਾਹੀ ਤਾਂ ਕਿ ਸਾਰੀ ਫੌਜ ਨੂੰ ਕਾਬੂ ਵਿਚ ਕੀਤਾ ਜਾ ਸਕੇ। ਸੈਨਾਪਤੀ ਲਈ ਵੀ ਮਹਾਰਾਣੀ ਨੇ ਯੋਗ ਸਰਦਾਰਾਂ ਨੂੰ ਸੁਨੇਹੇ ਭੇਜੇ। ਪਰ ਕੋਈ ਵੀ ਸਰਦਾਰ ਇਸ ਬੇਮੁਹਾਰ ਹੋਈ ਸੈਨਾ ਦਾ ਸੈਨਾਪਤੀ ਬਣਨ ਲਈ ਤਿਆਰ ਨਹੀਂ ਹੋਇਆ। ਨਿਰਸੰਦੇਹ ਫੌਜ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੂੰ ਸੈਨਾਪਤੀ ਬਣਾਉਣ ਦੇ ਫੈਸਲੇ ਕਰ ਰਹੀ ਸੀ ਪਰ ਅਟਾਰੀਵਾਲਾ ਸਰਦਾਰ ਇਸ ਗੱਲ ਤੇ ਅੜਿਆ ਬੈਠਾ ਸੀ ਕਿ ਉਹ ਅੰਗਰੇਜ਼ਾਂ ਉਪਰ ਹਮਲਾ ਨਹੀਂ ਕਰੇਗਾ। ਜਦੋਂ ਕਿ ਫੌਜ ਦਾ ਨਾਅਰਾ ਹੀ ਇਹ ਸੀ ਕਿ ਕੋਈ ਉਨ੍ਹਾਂ ਦਾ ਆ ਕੇ ਸੈਨਾਪਤੀ ਬਣੇ ਅਤੇ ਉਹ ਉਨ੍ਹਾਂ ਦੀ, ਔਰਗੇਜ਼ੀ ਇਲਾਕੇ ਉਪਰ ਹਮਲਾ ਕਰਨ ਲਈ, ਅਗਵਾਈ ਕਰੇ। ਕੋਈ ਵੀ ਸੂਝ ਸਿਆਣਪ ਵਾਲਾ ਸਰਦਾਰ ਇਹ ਕੰਮ ਨਹੀਂ ਸੀ ਕਰ ਸਕਦਾ। ”

ਫੋਜ ਸਾਹਮਣੇ ਸਿਰਫ ਲੁੱਟ ਦੀਆਂ ਹੀ ਗੱਲਾਂ ਸਨ। ਉਹ ਆਪਣੇ ਪਰਿਵਾਰਾਂ ਵਿਚ, ਆਪਣੇ ਘਰਾਂ ਵਿਚ ਜਾਂ ਆਪਣੇ ਸਕੇ ਸਬੰਧੀਆਂ ਵਿਚ ਸਿਰਫ ਹਿੰਦੁਸਤਾਨ ਨੂੰ ਲੁੱਟਣ ਦੀਆਂ ਹੀ ਗੱਲਾਂ ਕਰਦੇ ਸਨ। ਜਿਹੜਾ ਵੀ ਕੋਈ ਆਦਮੀ ਇਸ ਦੇ ਉਲਟ ਬੋਲਦਾ ਸੀ ਉਹ ਨੂੰ ਕੁੱਟ ਕੇ ਭਜਾ ਦਿੱਤਾ ਜਾਂਦਾ ਸੀ। ਇਕ ਸਮਕਾਲੀ ਯੂਰਪੀਅਨ ਲੇਖਕ ਨੇ ਇਸ ਸਮੇਂ ਦੀ

ਫੌਜ ਦੀ ਅਜਿਹੀ ਸੋਚਣੀ ਦੀ ਤਸਵੀਰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤੀ ਹੈ : "Such had been the stern discipline of the punch, such were the hopes of loot from them, such the real belief that the intentions of the British were aggressive, such the domestic incitements of their families to plunder and such their devotion to their mystic faith, that one single dogged determination filled the bosom of each soldiers. The word went round "we will go to the sacrifice". One miserable deserter was nearly beaten to death by his Panjabi countrymen."

ਕਿਸੇ ਵੀ ਸਿੱਖ ਸਰਦਾਰ ਵਲੋਂ ਫੌਜ ਦੀ ਅੰਗਰੇਜ਼ਾਂ ਉਪਰ ਹਮਲਾ ਕਰਨ ਦੀ ਨੀਤੀ ਨੂੰ ਨਾ ਮੰਨਣ ਕਾਰਨ, ਸੈਨਾਪਤੀ ਦਾ ਅਹੁਦਾ, ਅਖੀਰ ਰਾਜਾ ਲਾਲ ਸਿੰਘ ਨੇ ਆਪਣੇ ਵਿਸ਼ਵਾਸਪਾਤਰ ਵਿਅਕਤੀ ਸਰਦਾਰ ਤੇਜ ਸਿੰਘ ਨੂੰ ਦੇ ਦਿਤਾ। ਸ਼ਾਇਦ ਰਾਜਾ ਲਾਲ ਸਿੰਘ ਨੂੰ ਇਹ ਉਮੀਦ ਸੀ ਕਿ ਸੈਨਾਪਤੀ ਦੇ ਸਹਿਯੋਗ ਨਾਲ ਉਹ ਇਕ ਅੱਛੀ ਟੀਮ ਬਣਾ ਕੇ ਰਾਜ-ਪਰਬੰਧ ਨੂੰ ਠੀਕ ਕਰ ਲੈਣਗੇ। ਪਰ ਕਿਉਂਕਿ ਮਹਾਰਾਣੀ ਅਤੇ ਰਾਜਾ ਲਾਲ ਸਿੰਘ ਵਾਂਗ ਅਤੇ ਹੋਰ ਸਰਦਾਰਾਂ ਵਾਂਗ ਸਰਦਾਰ ਤੇਜ ਸਿੰਘ ਵੀ ਅੰਗਰੇਜ਼ਾਂ ਉਪਰ ਹਮਲਾ ਕਰਨ ਨੂੰ ਤਿਆਰ ਨਹੀ ਸੀ ਇਸ ਲਈ ਫੌਜ ਨੇ ਤੇਜ ਸਿੰਘ ਨੂੰ ਸੈਨਾਪਤੀ ਮੰਨਿਆ ਹੀ ਨਹੀ। ਸੈਨਾਪਤੀ ਬਾਰੇ ਇਤਨੀ ਸਮੱਸਿਆ ਨਹੀਂ ਸੀ ਯੋਗ ਵਿਅਕਤੀ ਦੇ ਲੱਭਣ ਦੀ। ਸਮੱਸਿਆ ਤਾਂ ਇਹ ਸੀ ਕਿ ਯੋਗ ਵਿਅਕਤੀ ਕੋਈ ਵੀ ਫੌਜ ਦੀ ਗੱਲ ਮੰਨ ਕੇ ਅੰਗਰੇਜ਼ਾਂ ਉਪਰ ਹਮਲਾ ਕਰਨ ਨੂੰ ਤਿਆਰ ਨਹੀਂ ਸੀ। ਮਹਾਰਾਣੀ ਪਾਸ ਸਰਦਾਰ ਚਤਰ ਸਿੰਘ ਅਟਾਰੀਵਾਲਾ ਸੀ ਅਤੇ ਉਸ ਦਾ ਪੁੱਤਰ ਸ਼ੇਰ ਸਿੰਘ ਅਟਾਰੀਵਾਲਾ ਸੀ। ਫੌਜ ਇਨ੍ਹਾਂ ਨੂੰ ਪਰਵਾਨ ਵੀ ਕਰਦੀ ਸੀ ਪਰ ਮੁਸੀਬਤ ਤਾਂ ਇਹ ਸੀ ਕਿ ਇਹ ਸਰਦਾਰ ਆਪਣੇ ਦਿਲ ਦੀ ਗੱਲ ਕੱਢ ਕੇ ਬਾਹਰ ਮਾਰਦੇ ਸਨ ਡਿਪਲੋਮੇਸੀ ਤੋਂ ਭੋਰਾ ਵੀ ਕੰਮ ਨਹੀਂ ਲੈ ਰਹੇ ਸੀ। ਇਹ ਸਰਦਾਰ ਸ਼ਰੇ- ਆਮ ਖੁੱਲ੍ਹੇ ਤੌਰ 'ਤੇ ਅੰਗਰੇਜ਼ਾਂ ਨਾਲ ਜੰਗ ਕਰਨ ਦੇ ਵਿਰੁੱਧ ਸਨ। ਜੇਕਰ ਇਹ ਸਰਦਾਰ ਕੁਝ ਲਾਰਾ-ਲੱਪਾ ਲਾਕੇ ਫੌਜ ਦੀ ਇਕ ਵਾਰ ਕਮਾਂਡ ਸੰਭਾਲ ਲੈਂਦੇ ਤੇ ਪਿੱਛੋਂ ਕੁਝ ਸਮਝਾ-ਬੁਝਾ ਕੇ ਫੌਜ ਨੂੰ ਇਸ ਖਿਆਲ ਤੋਂ ਰੋਕਦੇ ਤਾਂ ਕੁਝ ਹੱਦ ਤਕ ਫੌਜ ਦੇ ਕੰਟਰੋਲ ਕਰਨ ਦੀ ਗੱਲ ਹੋ ਸਕਦੀ ਸੀ। ਪਰ ਮੇਰਾ ਖਿਆਲ ਹੈ ਕਿ ਪੁਲਾਂ ਹੇਠ ਦੀ ਪਾਣੀ ਬਹੁਤ ਲੰਘ ਚੁੱਕਿਆ ਸੀ ਇਸ ਕਰਕੇ ਉਕਤ ਸਰਦਾਰ ਵੀ ਬੇਬਸ ਜਾਪਦੇ ਸਨ। ਇਹ ਗੱਲ ਇਸ ਤੱਥ ਤੋਂ ਵੀ ਸਾਬਤ ਹੁੰਦੀ ਹੈ ਕਿ ਤੇਜ ਸਿੰਘ 8 ਨਵੰਬਰ ਨੂੰ ਰਾਜਾ ਲਾਲ ਸਿੰਘ ਦੀ ਤਾਜਪੋਸ਼ਗੀ ਵੇਲੇ ਹੀ ਸੈਨਾਪਤੀ ਬਣਿਆ ਸੀ ਪਰ 10 ਦਿਨਾਂ ਬਾਦ 17 ਜਾਂ 18 ਨਵੰਬਰ ਨੂੰ ਫੌਜ ਸਤਲੁਜ ਪਾਰ ਕਰ ਗਈ ਸੀ।" ਤੇਜ ਸਿੰਘ ਨੇ ਤਾਂ ਅਜੇ ਫੌਜ ਨੂੰ ਦੇਖਿਆ ਵੀ ਨਹੀਂ ਸੀ; ਅਜੇ ਉਸ ਨੂੰ ਇਸ ਗੱਲ ਦਾ ਵੀ ਗਯਾਨ ਨਹੀਂ ਸੀ ਹੋਇਆ ਕਿ ਕਿੰਨੀ ਫੌਜ ਕਿਥੇ ਹੈ ਅਤੇ ਇਸ ਪਾਸ ਕਿਸ ਤਰ੍ਹਾਂ ਦਾ ਅਮਨੀਸ਼ਨ ਹੈ ਕਿਸ ਤਰ੍ਹਾਂ ਦਾ ਨਹੀਂ ਹੈ। ਫੌਜ ਅੰਗਰੇਜ਼ਾਂ ਉਪਰ ਹਮਲਾ ਕਰਨ ਵਾਸਤੇ ਸਤਲੁਜ ਪਾਰ ਕਰ ਚੁੱਕੀ ਸੀ। ਫੌਜ ਨੂੰ ਆਪਣਾ ਸੈਨਾਪਤੀ ਮਨਜ਼ੂਰ ਨਹੀਂ ਸੀ, ਸੈਨਾਪਤੀ ਨੂੰ ਫੌਜ ਉਪਰ ਵਿਸ਼ਵਾਸ਼ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੀ ਫੌਜ ਬਾਰੇ ਪੂਰਾ ਗਯਾਨ ਹੀ ਸੀ, ਸਰਕਾਰ ਲੜਾਈ ਲੜਨਾ ਨਹੀਂ ਚਾਹੁੰਦੀ ਸੀ, ਅਜਿਹੀ ਹਾਲਤ ਵਿਚ ਫੌਜ ਆਪਣੇ ਇਕ ਅਤੀ ਤਾਕਤਵਰ ਦੁਸ਼ਮਣ 'ਤੇ ਹਮਲਾ ਕਰੇ ਕੀ ਇਸ ਨੂੰ ਕੋਈ ਸਮਝਦਾਰ ਵਿਅਕਤੀ ਜਿੱਤ ਦੀ ਉਮੀਦ ਵਿਚ ਬਦਲ ਸਕਦਾ ਸੀ ? ਕੀ ਅਜਿਹੀ ਸਥਿਤੀ ਵਿਚ ਕੋਈ ਇਹ ਉਮੀਦ ਕਰ ਸਕਦਾ ਸੀ ਕਿ ਫੌਜ ਜਿੱਤ ਕੇ ਵਾਪਸ ਆਵੇਗੀ ?

ਮਹਾਰਾਣੀ ਬੇਬਸ ਸੀ, ਸਾਰਾ ਦਰਬਾਰ ਬੇਬੱਸੀ ਦੀ ਹਾਲਤ ਵਿਚ ਮਹਾਰਾਣੀ ਵਲ ਦੇਖ ਰਿਹਾ ਸੀ। 23 ਨਵੰਬਰ ਨੂੰ ਰਾਜਾ ਲਾਲ ਸਿੰਘ, ਸ. ਤੇਜ ਸਿੰਘ ਮਹਾਰਾਣੀ ਪਾਸ ਗਏ ਅਤੇ ਦੱਸਿਆ ਕਿ ਫੌਜਾਂ ਸਤਲੁਜ ਪਾਰ ਕਰ ਗਈਆਂ ਹਨ ਹੁਣ ਕੀ ਕੀਤਾ ਜਾਵੇ ? ਮਹਾਰਾਣੀ ਨੇ ਜਵਾਬ ਦਿਤਾ ਕਿ ਉਹ ਜੋ ਵੀ ਠੀਕ ਸਮਝਣ ਕਰ ਸਕਦੇ ਹਨ।" ਸਾਰੀ ਸਥਿਤੀ ਤਿੰਨਾਂ ਦੇ ਹੱਥਾਂ ਵਿਚੋਂ ਬਾਹਰ ਨਿਕਲੀ ਹੋਈ ਸੀ। ਰਾਜਾ ਲਾਲ ਸਿੰਘ ਨੂੰ ਤੇਜ ਸਿੰਘ ਨੇ ਸਲਾਹ ਦਿੱਤੀ ਕਿ ਜੇਕਰ ਉਨ੍ਹਾਂ ਨੇ ਫੌਜ ਨਾਲ ਰਲਣ ਵਿਚ ਹੋਰ ਦੇਰ ਕੀਤੀ ਤਾਂ ਹੋ ਸਕਦਾ ਹੈ ਕਿ ਫੌਜਾਂ ਉਨ੍ਹਾਂ ਨੂੰ ਹੀ ਘੇਰ ਲੈਣ। ਰਾਜਾ ਲਾਲ ਸਿੰਘ ਨੇ ਕਿਹਾ ਕਿ ਉਹ ਤਾਂ ਸਿਰਫ ਜੋਤਸ਼ੀਆਂ ਤੋਂ ਸਮਾਂ ਕਢਵਾ ਕੇ ਹੀ ਫੌਜ ਵਿਚ ਜਾਵੇਗਾ। ਜੋਤਸ਼ੀਆਂ ਨੇ ਤੇਜ ਸਿੰਘ ਲਈ ਤਾਂ ਸ਼ੁਭ ਲਗਨ ਦੱਸ ਦਿਤਾ ਸੀ ਪਰ ਲਾਲ ਸਿੰਘ ਨੂੰ ਇਕ ਰਾਤ ਹੋਰ ਦੇਰ ਕਰਨ ਲਈ ਕਿਹਾ। ਲਾਲ ਸਿੰਘ ਨੇ ਜੋਤਸ਼ੀਆਂ ਨੂੰ ਕਿਹਾ ਕਿ ਜੇ ਉਹ ਹੋਰ ਲੇਟ ਹੋ ਗਿਆ ਤਾਂ ਖਾਲਸਾ ਫੌਜਾਂ ਉਸ ਦੇ ਵਿਰੁੱਧ ਹੋ ਜਾਣਗੀਆਂ ਇਸ ਕਰਕੇ ਕਿਸੇ ਤਰੀਕੇ ਨਾਲ ਛੇਤੀ ਲਗਨ ਕੱਢਿਆ ਜਾਵੇ। ਜੋਤਸ਼ੀਆਂ ਨੇ ਸਾਰਾ ਜ਼ੋਰ ਲਾ ਕੇ 23 ਨਵੰਬਰ ਦੀ ਰਾਤ ਦਾ 12 ਵਜੇ ਦਾ ਸਮਾਂ ਕੱਢਿਆ।" ਰਾਤ ਦੇ

ਗਿਆਰਾਂ ਵਜੇ ਲਾਲ ਸਿੰਘ ਦਰਬਾਰ ਦੇ ਇਕ ਸਿਨੀਅਰ ਮੈਂਬਰ ਭਾਈ ਰਾਮ ਸਿੰਘ ਦੀ ਹਵੇਲੀ ਵਿਚ ਗਿਆ ਅਤੇ ਉਸ ਤੋਂ ਸਲਾਹ ਪੁੱਛੀ। ਭਾਈ ਰਾਮ ਸਿੰਘ ਨੇ ਸਲਾਹ ਦਿਤੀ ਕਿ ਉਹ ਜਾਂ ਤਾਂ ਇਕ ਦਮ ਲੜਾਈ ਰੁਕਵਾ ਦੇਵੇ ਨਹੀਂ ਤਾਂ ਉਹ ਘੱਟੋ ਘੱਟ ਚਾਰ ਦਿਨ ਹੋਰ ਲੇਟ ਕਰ ਦੇਵੇ। ਲਾਲ ਸਿੰਘ ਨੇ ਉਸ ਨੂੰ ਕਿਹਾ ਕਿ ਸਭ ਕੁਝ ਉਸ ਦੇ ਹੁਕਮ ਤੋਂ ਬਿਨਾਂ ਹੀ ਹੋ ਰਿਹਾ ਹੈ।

ਅਖੀਰ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਜੰਗ ਹੋਈ। ਇਸ ਜੰਗ ਨੂੰ ਹਿੰਦ-ਪੰਜਾਬ ਦੀ ਜੰਗ ਵੀ ਕਿਹਾ ਜਾ ਸਕਦਾ ਹੈ। ਇਕ ਪਾਸੇ ਦੁਨੀਆਂ ਦੀ ਸਭ ਤੋਂ ਤਾਕਤਵਰ ਅਤੇ ਰਾਜਨੀਤਕ ਤੌਰ 'ਤੇ ਅਤੀ ਮਾਹਰ ਕੌਮ (ਅੰਗਰੇਜ਼) ਸੀ ਅਤੇ ਦੂਜੇ ਪਾਸੇ ਬੇਮੁਹਾਰ ਹੋਈ ਖਾਲਸਾ ਫੌਜ, ਜਿਸ ਦੇ ਨਾਲ ਨਾ ਉਸ ਦਾ ਸੈਨਾਪਤੀ ਸੀ, ਨਾ ਹੀ ਉਸ ਦੀ ਸਰਕਾਰ ਸੀ ਅਤੇ ਨਾ ਹੀ ਪਿੱਛੇ ਕੋਈ ਸਪਲਾਈ ਲਾਈਨ ਸੀ। ਜਿਹੜੀਆਂ ਗਦਾਰੀ ਦੀਆਂ ਗੱਲਾਂ ਲਾਲ ਸਿੰਘ ਅਤੇ ਤੇਜ ਸਿੰਘ ਦੀਆਂ ਉਨ੍ਹਾਂ ਨਾਲ ਜੁੜੀਆਂ ਹੋਈਆਂ ਹਨ ਜਾਂ ਜਿਸ ਤਰ੍ਹਾਂ ਦਾ ਵੀ ਰੋਲ ਉਨ੍ਹਾਂ ਨੇ ਲੜਾਈਆਂ ਦੌਰਾਨ ਅਦਾ ਕੀਤਾ ਸੀ ਉਹ ਸਭ ਕੁਝ ਇਸ ਰੋਸ਼ਨੀ ਵਿਚ ਹੀ ਰੱਖ ਕੇ ਦੇਖਿਆ ਜਾਣਾ ਚਾਹੀਦਾ ਹੈ। 18 ਦਸੰਬਰ ਨੂੰ ਮੁਦਕੀ ਦੀ ਲੜਾਈ ਹੋਈ। ਖਾਲਸਾ ਫੌਜ ਹਾਰ ਗਈ। 21 ਦਸੰਬਰ ਨੂੰ ਫਿਰੋਜ਼ਸ਼ਹਿਰ ਦੀ ਲੜਾਈ ਹੋਈ, ਖਾਲਸਾ ਫੌਜ ਇਥੇ ਵੀ ਹਾਰ ਗਈ। 21 ਜਨਵਰੀ, 1846 ਨੂੰ ਬੱਦੋਵਾਲ ਵਿਖੇ ਲੜਾਈ ਹੋਈ, ਇਸ ਵਿਚ ਕੁਝ ਮੂੰਹ ਰੱਖਣ ਜੋਗੀ ਜਿੱਤ ਹੋਈ ਸੀ ਪਰ ਛੇਤੀ ਹੀ 28 ਜਨਵਰੀ ਨੂੰ ਆਲੀਵਾਲ ਵਿਖੇ ਹੋਈ ਲੜਾਈ ਨੇ ਇਸ ਨੂੰ ਸਿੱਖ ਫੌਜ ਦੀ ਜਬਰਦਸਤ ਹਾਰ ਵਿਚ ਬਦਲ ਦਿਤਾ ਸੀ। ਇਸ ਹਾਰ ਦੀਆਂ ਖਬਰਾਂ ਰੋਜ਼ਾਨਾ ਮਹਾਰਾਣੀ ਜਿੰਦ ਕੌਰ ਪਾਸ ਪਹੁੰਚ ਰਹੀਆਂ ਸਨ। ਉਹ ਸੋਚ ਵੀ ਨਹੀਂ ਸੀ ਸਕਦੀ ਕਿ ਇਤਨੇ ਦਬਦਬੇ ਅਤੇ ਜੋਸ਼ ਵਾਲੀ ਖਾਲਸਾ ਫੌਜ ਇਤਨੀ ਛੇਤੀ ਹਾਰ ਜਾਵੇਗੀ। ਖਾਲਸਾ ਫੌਜ ਦੀ ਹਾਰ ਨਾਲ ਉਸ ਦਾ ਸਭ ਕੁਝ ਹੀ ਖ਼ਤਮ ਹੋ ਜਾਣਾ ਸੀ। ਉਸ ਦੇ ਪੁੱਤਰ ਦਾ ਸਾਰਾ ਰਾਜ ਭਾਗ ਇਸ ਫੌਜ ਦੇ ਸਿਰ 'ਤੇ ਹੀ ਸੀ। ਉਸ ਨੇ ਇਨ੍ਹਾਂ ਹਾਰਾਂ ਨੂੰ ਬਦਲਣ ਲਈ ਸ਼ਾਮ ਸਿੰਘ ਅਟਾਰੀਵਾਲਾ ਅਤੇ ਰਾਜਾ ਗੁਲਾਬ ਸਿੰਘ ਨੂੰ ਇਕ ਦਮ ਲਾਹੌਰ ਪਹੁੰਚਣ ਦੇ ਹੁਕਮ ਦਿਤੇ। ਰਾਜਾ ਗੁਲਾਬ ਸਿੰਘ ਉਸ ਸਮੇਂ ਤਕ ਲਾਹੌਰ ਨਹੀਂ ਸੀ ਪਹੁੰਚਣਾ ਚਾਹੁੰਦਾ ਸੀ ਜਦੋਂ ਤਕ ਖਾਲਸਾ ਫੌਜ ਦਾ ਇਕ ਪਾਸਾ (ਜਿੱਤ ਜਾਂ ਹਾਰ) ਨਹੀਂ ਸੀ ਹੋ ਜਾਂਦਾ। ਇਸ ਕਰਕੇ ਉਹ ਸਮਾਂ ਟਾਲਦਾ ਰਿਹਾ ਅਤੇ ਲੜਾਈਆਂ 'ਤੇ ਪੂਰੀ ਨਿਗਾਹ ਰੱਖਦਾ ਰਿਹਾ ਸੀ। ਸ: ਸ਼ਾਮ ਸਿੰਘ ਅਟਾਰੀਵਾਲਾ ਆਪਣੀ ਇੱਛਾ ਦੇ ਉਲਟ ਅਣਚਾਹੀ ਲੜਾਈ ਵਿਚ ਜਾਣਾ ਨਹੀਂ ਸੀ ਚਾਹੁੰਦਾ। ਮਹਾਰਾਣੀ ਨੇ ਉਸ ਨੂੰ ਘਰ ਬੈਠੇ ਨੂੰ ਹੀ ਫੌਜ ਦਾ ਸੈਨਾਪਤੀ ਨੀਯਤ ਕੀਤਾ ਅਤੇ ਆਖਰੀ ਹੁਕਮ ਭੇਜਦਿਆਂ ਕਿਹਾ ਕਿ ਜੇਕਰ ਉਸ ਨੇ ਹਾਰ ਦੀ ਜਾ ਰਹੀ ਫੌਜ ਦੀ ਕਮਾਂਡ ਨਾ ਸੰਭਾਲੀ ਤਾਂ ਉਹ ਖੁਦ ਮੈਦਾਨ ਵਿਚ ਜਾਵੇਗੀ। " ਤੇਜ ਸਿੰਘ ਨੂੰ ਉਸ ਨੇ ਸੈਨਾਪਤੀ ਦੇ ਅਹੁਦੇ ਤੋਂ ਹਟਾ ਦਿਤਾ ਸੀ। ਪਰ ਸ: ਅਟਾਰੀਵਾਲੇ ਲਈ ਸਮਾਂ ਬਹੁਤ ਘੱਟ ਸੀ। ਉਹ ਜਦੋਂ ਸੈਨਾਪਤੀ ਦੀ ਨਿਯੁਕਤੀ ਲੈ ਕੇ ਫੌਜ ਕੋਲ ਪਹੁੰਚਿਆ ਸੀ ਤਾਂ ਖਾਲਸਾ ਫੌਜ ਥੱਕੀ, ਟੁੱਟੀ ਅਤੇ ਤੋਪਖਾਨੇ ਤੋਂ ਬਿਨਾਂ ਸਭਰਾਓਂ ਦੇ ਖੇਤਾਂ ਵਿਚ ਖੜੀ ਸੀ। ਨਾ ਫੌਜ ਪਾਸ ਖਾਣ ਪੀਣ ਦੀ ਰਸਦ ਦੀ ਅਤੇ ਨਾ ਹੀ ਉਸ ਨੂੰ ਆਪਣੇ ਸੈਨਾਪਤੀਆਂ ਜਾਂ ਪ੍ਰਧਾਨ-ਮੰਤਰੀਆਂ ਬਾਰੇ ਪਤਾ ਸੀ ਕਿ ਉਹ ਕਿਥੇ ਹਨ। ਜਦੋਂ ਸਰਦਾਰ ਅਟਾਰੀਵਾਲਾ ਫੌਜ ਵਿਚਕਾਰ ਪਹੁੰਚਿਆ ਅਤੇ ਆਪ ਕਮਾਂਡ ਸੰਭਾਲ ਲੈਣ ਲਈ ਕਿਹਾ ਤਾਂ ਉਹ ਥੱਕੀਆਂ, ਟੁੱਟੀਆਂ ਤੇ ਭੁੱਖਣ ਭਾਣੀਆਂ ਫੌਜਾਂ ਸਰਦਾਰ ਅਟਾਰੀਵਾਲੇ ਦੇ ਦੁਆਲੇ ਇਕੱਠੀਆਂ ਹੋ ਗਈਆਂ। ਸਰਦਾਰ ਨੇ ਫੌਜ ਨੂੰ ਵੰਗਾਰ ਕੇ ਕਿਹਾ ਕਿ ਜਿਸ ਨੇ ਉਸ ਦੀ ਕਮਾਂਡ ਹੇਠ ਲੜਨਾ ਹੈ ਉਹ ਵਾਪਸ ਜਾਣਾ ਭੁੱਲ ਜਾਵੇ। ਹੁਣ ਜੋ ਕੁਝ ਵੀ ਕੋਲ ਹੈ ਉਸੇ ਨਾਲ ਹੀ ਲੜਾਈ ਕੀਤੀ ਜਾਵੇ। 10 ਫਰਵਰੀ ਨੂੰ ਲੜਾਈ ਹੋਈ ਸਭਰਾਓਂ ਦੇ ਖੇਤਾਂ ਵਿਚ। ਅੰਗਰੇਜ਼ੀ ਤੋਪਖਾਨੇ ਦੇ ਮੁਕਾਬਲੇ ਖਾਲਸਾ ਫੌਜ ਆਪਣੇ ਸੈਨਾਪਤੀ ਨੂੰ ਆਪਣੇ ਵਿਚਕਾਰ ਲੈ ਕੇ ਪੈਦਲ ਹੀ ਦੁਸ਼ਮਣ 'ਤੇ ਟੁੱਟ ਪਈ। ਜਿਨਾਂ ਚਿਰ ਤਲਵਾਰਾਂ ਅਤੇ ਬਰਛਿਆਂ ਨਾਲ ਇਹ ਫੌਜ ਲੜ ਸਕਦੀ ਸੀ ਉਨ੍ਹਾਂ ਚਿਰ ਲੜਦੀ ਰਹੀ ਜਦੋਂ ਤਲਵਾਰਾਂ ਤੇ ਬਰਛੇ ਵੀ ਚਲਣੋਂ ਰਹਿ ਗਏ ਤਾਂ ਆਪਣੇ ਸਰਦਾਰ ਦੇ ਸਰੀਰ ਦੀ ਰਾਖੀ ਕਰਦੀ ਹੋਈ ਉਸ ਦੀ ਲਾਸ਼ ਦੇ ਉਪਰ ਹੀ ਢਹਿ ਢੇਰੀ ਹੋ ਗਈ। ਜਦੋਂ ਅੰਗਰੇਜ਼ ਸੈਨਾਪਤੀ ਸਰਦਾਰ ਅਟਾਰੀਵਾਲੇ ਦੀ ਲਾਸ਼ ਦੀ ਭਾਲ ਕਰ ਰਹੇ ਸਨ ਤਾਂ ਉਨ੍ਹਾਂ ਨੇ ਲਾਸ਼ਾਂ ਦੇ ਇਕ ਢੇਰ ਕੋਲ ਆ ਕੇ ਕਿਹਾ ਸੀ ਕਿ ਇਸ ਢੇਰ ਵਿਚੋਂ ਸਰਦਾਰ ਦੀ ਲਾਸ਼ ਕੱਢੀ ਜਾਵੇ। ਉਹ ਦੂਰ ਖੜੇ ਸਰਦਾਰ ਨੂੰ ਅਤੇ ਸਿਪਾਹੀਆਂ ਨੂੰ ਲੜਦਿਆਂ ਨੂੰ ਦੇਖ ਰਹੇ ਸਨ। ਖਾਲਸੇ ਦੀ ਬੱਬਰ ਸ਼ੇਰ ਵਰਗੀ ਫੌਜ ਭੰਗ ਦੇ ਭਾਣੇ ਮਾਰੀ ਗਈ ਸੀ। ਦੁਖਾਂਤ ਤਾਂ ਇਸ ਗੱਲ ਦਾ ਹੈ ਕਿ ਲਾਹੌਰ ਦਰਬਾਰ ਦਾ ਨਿਮਕ ਖਾਣ ਵਾਲੀਆਂ ਡੋਗਰਾ, ਰਾਜਪੂਤ ਅਤੇ ਹੋਰ ਗੈਰ ਸਿੱਖ ਰਜਮੈਂਟਾਂ ਤਾਂ ਲੜਾਈ ਤੋਂ ਬਾਹਰ ਰਹੀਆਂ ਪਰ ਲਾਹੌਰ ਬਾਦਸ਼ਾਹਤ ਦੀ ਆਪਣੇ ਆਪ ਨੂੰ ਮਾਲਕ ਸਮਝਣ ਵਾਲੀ ਖਾਲਸਾ ਫੌਜ ਲੜਾਈਆਂ ਵਿਚ ਤਬਾਹ ਹੋ

ਗਈ ਸੀ। ਇਸ ਦਾ ਕਿਸੇ ਨੂੰ ਕੀ ਦੋਸ਼ ਦਿਤਾ ਜਾਵੇ। ਫੌਜ ਤਾਂ ਮਰਨ ਵਾਲੀ ਮਰ ਗਈ ਸੀ ਪਰ ਉਹ ਆਪਣੇ ਮਹਾਰਾਜੇ ਦਾ ਅਤੇ ਮਹਾਰਾਣੀ ਦਾ ਵੀ ਸਭ ਕੁਝ ਤਬਾਹ ਕਰ ਗਈ ਸੀ। ਸ਼ਾਹ ਮੁਹੰਮਦ ਨੇ ਇਸ ਬਾਰੇ ਕਿੰਨੀਆਂ ਢੁੱਕਵੀਆਂ ਲਾਈਨਾਂ ਲਿਖੀਆਂ ਹਨ

ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ
ਬੇੜੇ ਤੋਪਾਂ ਦੇ ਸਭ ਖੁਹਾਇ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ
ਸਗੋਂ ਆਪਣਾ ਆਪ ਗਵਾਇ ਆਏ।
ਸੁਖੀ ਵਸਦਾ ਸ਼ਹਿਰ ਲਾਹੌਰ ਸਾਰਾ
ਸਗੋਂ ਕੁੰਜੀਆਂ ਹੱਥ ਫੜਾਇ ਆਏ।

20 ਫਰਵਰੀ ਨੂੰ ਜੇਤੂ ਅੰਗਰੇਜ਼ ਅਧਿਕਾਰੀ ਮਾਲਕ ਬਣ ਕੇ ਲਾਹੌਰ ਵਿਚ ਦਾਖ਼ਲ ਹੋਏ। ਉਨ੍ਹਾਂ ਨੇ ਆਪਣੀ ਮਨਮਰਜ਼ੀ ਦੀਆਂ ਕੀਤੀਆਂ ਗਈਆਂ ਸੰਧੀਆਂ (9 ਮਾਰਚ, 11 ਮਾਰਚ ਅਤੇ 16 ਮਾਰਚ 846) ਰਾਹੀਂ ਅੰਤਮ ਤੌਰ 'ਤੇ ਪੰਜਾਬ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਸੀ। ਜੰਮੂ-ਕਸ਼ਮੀਰ ਦਾ ਇਲਾਕਾ ਡੇਢ ਕਰੋੜ ਰੁਪਏ ਦੇ ਇਵਜਾਨੇ ਰੂਪ ਵਿਚ ਰਾਜਾ ਗੁਲਾਬ ਸਿੰਘ ਨੂੰ ਵੇਚ ਦਿਤਾ ਗਿਆ ਸੀ ਅਤੇ ਉਸ ਨੂੰ ਇਸ ਖੇਤਰ ਦਾ ਸੁਤੰਤਰ ਮਹਾਰਾਜਾ ਥਾਪ ਦਿਤਾ ਗਿਆ ਸੀ। ਜਲੰਧਰ ਦੁਆਬ (ਸਤਲੁਜ-ਬਿਆਸ ਵਿਚਕਾਰਲਾ) ਦਾ ਇਲਾਕਾ ਤੋੜ ਕੇ ਬਰਿਟਿਸ਼ ਰਾਜ ਵਿਚ ਮਿਲਾ ਲਿਆ ਗਿਆ ਸੀ। ਬਾਕੀ ਰਹਿੰਦੇ ਰਾਜ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਮਹਾਰਾਜਾ ਮੰਨਿਆ ਗਿਆ, ਮਹਾਰਾਣੀ ਜਿੰਦ ਕੌਰ ਨੂੰ ਉਸ ਦੀ ਨਿਗਰਾਨ (ਰੀਜੈਂਟ) ਬਣਾਇਆ ਗਿਆ। ਇਕ ਗਵਰਨਿੰਗ ਕੌਂਸਲ ਬਣਾਈ ਗਈ ਜਿਸ ਦੇ ਮੈਂਬਰ ਸਨ : ਰਾਜਾ ਲਾਲ ਸਿੰਘ, ਸ. ਤੇਜ ਸਿੰਘ, ਭਾਈ ਰਾਮ ਸਿੰਘ, ਸ. ਰਣਜੋਧ ਸਿੰਘ, ਫਕੀਰ ਨੂਰਦੀਨ ਅਤੇ ਦੀਵਾਨ ਦੀਨਾ ਨਾਥ ਆਦਿ। ਇਨ੍ਹਾਂ ਸਭ ਦੇ ਉਪਰ ਇਕ ਬਰਿਟਿਸ਼ ਅਧਿਕਾਰੀ ਦੀ ਨਿਯੁਕਤੀ ਕੀਤੀ ਗਈ ਜਿਸ ਨੂੰ ਰੈਜੀਡੈਂਟ ਕਿਹਾ ਜਾਂਦਾ ਸੀ। ਦਰਬਾਰ ਦੀ ਕੋਈ ਵੀ ਕਾਰਵਾਈ ਇਸ ਰੈਜੀਡੈਂਟ ਦੀ ਮਨਜ਼ੂਰੀ ਤੋਂ ਬਿਨਾ ਪਾਸ ਨਹੀਂ ਸੀ ਹੋ ਸਕਦੀ।

ਪਹਿਲਾਂ ਪਹਿਲਾਂ ਤਾਂ ਮਹਾਰਾਣੀ ਨੂੰ ਇਹ ਵੀ ਯਕੀਨ ਨਹੀਂ ਸੀ ਕਿ ਅੰਗਰੇਜ਼ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਵਿਚ ਰਹਿਣ ਦੇਣਗੇ ਵੀ ਕਿ ਨਹੀਂ। ਜਦੋਂ ਲੜਾਈ ਦੇ ਕੁਝ ਦਿਨਾਂ ਬਾਦ ਗਵਰਨਰ ਜਨਰਲ ਲਾਹੌਰ ਵਿਚ ਆਇਆ ਸੀ ਤਾਂ ਉਸ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਪਾਸ ਬੁਲਾਇਆ ਅਤੇ ਹੋਰਨਾ ਦਰਬਾਰੀਆਂ ਨਾਲ ਉਸ ਨੂੰ ਆਪਣੀ ਅੰਗਰੇਜ਼ ਫੌਜ ਵਿਚ ਲੈ ਗਿਆ ਸੀ। ਉਥੇ ਗਵਰਨਰ ਜਨਰਲ ਅਤੇ ਮਹਾਰਾਜਾ ਦਲੀਪ ਸਿੰਘ ਦੋਹਾਂ ਨੇ ਅੰਗਰੇਜ਼ ਫੌਜ ਦਾ ਮੁਆਇਨਾ ਕੀਤਾ ਅਤੇ ਸਲਾਮੀ ਲਈ। ਸ਼ਾਮ ਨੂੰ ਮਹਾਰਾਜੇ ਨੂੰ ਗਵਰਨਰ ਜਨਰਲ ਉਸ ਦੇ ਮਹਿਲਾਂ ਤਕ ਛੱਡਣ ਆਇਆ। ਅਗਲੇ ਦਿਨ ਸਵੇਰੇ ਹੀ ਫਿਰ ਗਵਰਨਰ ਜਨਰਲ ਮਹਾਰਾਜੇ ਨੂੰ ਮਿਲਣ ਲਈ ਉਸ ਦੇ ਮਹਿਲਾਂ ਵਿਚ ਗਿਆ। ਮਹਾਰਾਣੀ ਜਿੰਦ ਕੌਰ ਜੋ ਇਸ ਸਭ ਕੁਝ ਨੂੰ ਬਹੁਤ ਹੀ ਘਬਰਾਈ ਹੋਈ ਹਾਲਤ ਵਿਚ ਦੇਖ ਰਹੀ ਸੀ ਉਹ ਉਸ ਸਮੇਂ ਤਕ ਨਾਰਮਲ ਨਹੀਂ ਹੋ ਸਕੀ ਜਦੋਂ ਤਕ ਗਵਰਨਰ ਜਨਰਲ ਲਾਹੌਰ ਤੋਂ ਵਿਦਾ ਨਹੀਂ ਸੀ ਹੋਗਿਆ। ਉਸ ਨੂੰ ਲਗਾਤਾਰ ਇਹ ਧੁੜਕੂ ਲਗਿਆ ਰਹਿੰਦਾ ਸੀ ਕਿ ਕਿਤੇ ਗਵਰਨਰ ਜਨਰਲ ਮਹਾਰਾਜੇ ਨੂੰ ਆਪਣੇ ਨਾਲ ਨਾ ਲੈ ਜਾਵੇ। ਪਰ ਅੰਰਗੇਜ਼ਾਂ ਨੇ ਇਸ ਤਰ੍ਹਾਂ ਨਾ ਕੀਤਾ।

ਬਰਿਟਿਸ਼ ਰੈਜੀਡੈਂਟ ਦੇ ਅਧੀਨ ਮਹਾਰਾਣੀ ਨੇ ਰੀਜੈਂਟ ਦੇ ਤੌਰ 'ਤੇ ਉਸੇ ਤਰ੍ਹਾਂ ਕੰਮ ਕਰਨਾ ਚਾਹਿਆ ਸੀ ਜਿਸ ਤਰ੍ਹਾਂ ਉਹ ਪਹਿਲਾਂ ਰਾਜ-ਮਾਤਾ ਦੇ ਤੌਰ 'ਤੇ ਕਰਦੀ ਸੀ ਪਰ ਹੁਣ ਉਸ ਤਰ੍ਹਾਂ ਦੀ ਸੁਤੰਤਰਤਾ ਬਰਿਟਿਸ਼ ਰੈਜੀਡੈਂਟ ਨੇ ਚਲਣ ਨਹੀਂ ਦਿਤੀ। ਇਸ ਨਾਲ ਮਹਾਰਾਣੀ ਸਾਹਿਬਾ ਅਤੇ ਰੈਜੀਡੈਂਟ ਵਿਚਕਾਰ ਝਗੜਾ ਖੜਾ ਹੋ ਗਿਆ। ਰੈਜੀਡੈਂਟ ਚਾਹੁੰਦਾ ਸੀ ਕਿ ਕੋਈ ਵੀ ਵਿਅਕਤੀ ਉਸ ਦੇ ਕੰਮ ਵਿਚ ਦਖ਼ਲ ਅੰਦਾਜ਼ੀ ਨਾ ਕਰੇ। ਪਰ ਮਹਾਰਾਣੀ ਆਪਣੇ ਅਧਿਕਾਰਾਂ ਨੂੰ ਛੱਡਣ ਲਈ ਤਿਆਰ ਨਹੀਂ ਹੋਈ। ਬਰਿਟਿਸ਼ ਰੈਜੀਡੈਂਟ ਹੌਲੀ ਹੌਲੀ ਇਸ ਵਿਚਾਰ ਦਾ ਧਾਰਨੀ ਬਣ ਗਿਆ ਸੀ ਕਿ ਮਹਾਰਾਣੀ ਨੂੰ ਗਵਰਨਿੰਗ ਕੌਂਸਲ ਵਿਚ ਕੋਈ ਥਾਂ ਨਹੀਂ ਦਿਤੀ ਜਾਣੀ ਚਾਹੀਦੀ। ਇਸ ਤਰ੍ਹਾਂ ਦੇ ਵਿਚਾਰ ਰੈਜੀਡੈਂਟ ਨੇ ਜੋ ਆਪਣੀ ਰਿਪੋਰਟ ਵਿਚ ਗਵਰਨਰ ਜਨਰਲ ਨੂੰ ਭੇਜੇ ਸਨ ਉਸ ਨੂੰ ਗਵਰਨਰ ਜਨਰਲ ਨੇ 23 ਨਵੰਬਰ, 1846 ਨੂੰ ਫਰੈਡਰਿਕ ਕਰੀ ਵੱਲ ਇਉਂ ਲਿਖ ਕੇ ਭੇਜਿਆ ਸੀ : "ਪਿਛਲੇ ਦੋ ਦਿਨਾਂ ਤੋਂ ਉਸ (ਮਹਾਰਾਣੀ) ਦੀ ਸਾਰੀ ਸ਼ਕਤੀ ਸਭ ਵੱਡੇ ਛੋਟੇ ਸਰਦਾਰਾਂ ਨੂੰ ਆਪਣੇ ਨਾਲ ਜੋੜਨ ਦੀ ਅਤੇ ਇਨ੍ਹਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਵਿਚ ਲਗੀ ਰਹੀ ਹੈ ਤਾਂ ਕਿ ਇਕ ਐਸੀ ਸੁਤੰਤਰ ਸਰਕਾਰ ਦਾ ਗਠਨ ਕੀਤਾ ਜਾ ਸਕੇ ਜਿਸ ਦੀ ਉਹ ਖੁਦ ਮੁਖੀ ਬਣ ਸਕੇ। ਇਸ ਸਾਰੇ ਕੰਮ ਵਿਚ ਉਸ ਦਾ ਸਭ ਤੋਂ ਵੱਡਾ ਸਹਾਇਕ ਦੀਵਾਨ ਦੀਨਾ ਨਾਥ ਹੈ ਜਿਹੜਾ ਹਮੇਸ਼ਾਂ ਹੀ ਅੰਗਰੇਜ਼ਾਂ ਬਾਰੇ ਵਿਰੋਧੀ ਵਿਚਾਰ ਰੱਖਦਾ ਰਿਹਾ ਹੈ ਅਤੇ ਹੁਣ ਵੀ ਇਸ ਗੱਲ ਵਲੋਂ ਹਰ ਸੰਭਵ

ਚੌਕਸ ਹੈ ਕਿ ਕਿਤੇ ਤੁਸੀਂ (ਗਵਰਨਰ ਜਨਰਲ) ਮਹਾਰਾਜੇ ਦੇ ਰੱਖਿਅਕ ਨਾ ਬਣ ਜਾਵੋ। ਜਦੋਂ ਕਿ ਦੂਜੇ ਪਾਸੇ ਸਰ ਹੈਨਰੀ ਹਾਰਡਿੰਗ ਆਪਣੇ ਰੈਜੀਡੈਂਟ ਨੂੰ ਬਰਿਟਿਸ਼ ਪਰਾਂਤ ਦੇ ਲੈਫਟੀਨੈਂਟ ਗਵਰਨਰ ਦੀ ਤਰ੍ਹਾਂ ਮਜ਼ਬੂਤ ਪੈਰਾਂ ਤੇ ਖੜਾ ਕਰਕੇ ਸਾਰੀਆਂ ਸ਼ਕਤੀਆਂ ਦਿਵਾਉਣਾ ਚਾਹੁੰਦਾ ਹੈ। ”

ਨਵੰਬਰ, 1846 ਤਕ ਅੰਗਰੇਜ਼ ਅਧਿਕਾਰੀ (ਰੈਜੀਡੈਂਟ ਅਤੇ ਗਵਰਨਰ ਜਨਰਲ) ਮਹਾਰਾਣੀ ਸਾਹਿਬਾ ਨੂੰ ਕਿਸੇ ਵੀ ਸਰਕਾਰੀ ਅਧਿਕਾਰਾਂ ਵਿਚੋਂ ਪਰੇ ਰੱਖਣ ਦੇ ਅਤੇ ਭਵਿਖ ਵਿਚ ਕਿਸੇ ਵੀ ਸੰਧੀ ਤੋਂ ਬਾਹਰ ਰੱਖਣ ਦੇ, ਆਪਣੇ ਵਿਚਾਰ ਲਗ ਪਗ ਪੂਰੀ ਤਰ੍ਹਾਂ ਬਣਾ ਚੁੱਕੇ ਸਨ। ਲਾਹੌਰ ਵਿਚ ਤਾਇਨਾਤ ਇਕ ਹੋਰ ਬਰਿਟਿਸ਼ ਅਧਿਕਾਰੀ ਹਰਬਰਟ ਐਡਵਰਡਜ਼ ਨੇ ਵੀ ਮਹਾਰਾਣੀ ਬਾਰੇ ਲਿਖ ਕੇ ਭੇਜਿਆ ਸੀ ਕਿ 'ਮਹਾਰਾਣੀ ਆਪਣੀ ਕੌਮ ਦੇ ਹੋਰ ਕਿਸੇ ਵੀ ਮਰਦ ਨਾਲੋਂ ਜ਼ਿਆਦਾ ਸੂਝ-ਬੂਝ ਅਤੇ ਹੌਂਸਲਾ ਰੱਖਦੀ ਹੈ” ("The Ranee had more wit and daring than any man of her nation.").

ਮਹਾਰਾਣੀ ਦੀ ਰਾਜਸੀ ਸੂਝ-ਬੂਝ ਦੇਖ ਕੇ ਅਤੇ ਉਸ ਵਲੋਂ ਆਪਣੀ ਤਾਕਤ ਨੂੰ ਬਣਾਈ ਰੱਖਣ ਦੀਆਂ ਕੋਸ਼ਿਸ਼ਾਂ ਨੂੰ ਦੇਖ ਕੇ ਹੀ ਗਵਰਨਰ ਜਨਰਲ ਨੇ ਅੰਗਰੇਜ਼ ਰੈਜੀਡੈਂਟ ਨੂੰ ਸਲਾਹ ਦਿਤੀ ਸੀ ਕਿ 'ਲਾਹੌਰ ਵਿਚ ਅੰਗਰੇਜੀ ਕਬਜ਼ੇ ਨੂੰ ਬਣਾਏ ਰੱਖਣ ਲਈ ਅਤੇ ਅੰਗਰੇਜ਼ੀ ਸੈਨਾ ਨੂੰ ਲਗਾਤਾਰ ਰੱਖਣ ਲਈ ਕਿਸੇ ਵੀ ਕੀਤੀ ਜਾਣ ਵਾਲੀ ਸੰਧੀ ਵਿਚ ਮਹਾਰਾਣੀ ਦੀ ਤਾਕਤ ਨੂੰ ਛਾਂਗਣਾ ਜਰੂਰੀ ਸ਼ਰਤ ਹੋਣੀ ਚਾਹੀਦੀ ਹੈ। ਅੰਗਰੇਜ਼ ਲਾਹੌਰ ਦਰਬਾਰ ਕੋਲੋਂ ਸੰਪੂਰਨ ਗੁਲਾਮੀ ਚਾਹੁੰਦੇ ਸਨ ਜਦੋਂ ਕਿ ਮਹਾਰਾਣੀ ਅੰਗਰੇਜ਼ਾਂ ਨੂੰ ਸਿਰਫ ਨਿਗਰਾਨ ਤਾਕਤ ਦੇ ਰੂਪ ਵਿਚ ਹੀ ਦੇਖਣਾ ਚਾਹੁੰਦੀ ਸੀ। ਇਹ ਕਸ਼ਮਕਸ਼ ਵੀ ਤਦ ਪੈਦਾ ਹੋਈ ਸੀ ਕਿ ਅੰਗਰੇਜ਼ ਅਧਿਕਾਰੀ ਦਰਬਾਰ ਨਾਲ ਗੱਲਾਂ ਵੀ ਇਸ ਤਰ੍ਹਾਂ ਦੀਆਂ ਕਰਦੇ ਸਨ ਜਿਸ ਤੋਂ ਆਮ ਸਰਦਾਰ ਉਨ੍ਹਾਂ ਨੂੰ ਆਪਣਾ ਨਿਗਰਾਨ ਹੋਣ ਦਾ ਹੀ ਭਰਮ ਪਾਲ ਰਹੇ ਸਨ। ਮਹਾਰਾਣੀ ਇਸ ਭਰਮ ਨੂੰ ਅਸਲੀ ਰੂਪ ਵਿਚ ਦੇਖਣਾ ਚਾਹੁੰਦੀ ਸੀ ਜਦੋਂ ਕੇ ਅਸਲੀ ਰੂਪ ਵਿਚ ਅੰਗਰੇਜ਼ ਪੰਜਾਬ ਨੂੰ ਆਪਣਾ ਇਕ ਪਰਾਂਤ ਬਣਾ ਕੇ ਰੱਖਣਾ ਚਾਹੁੰਦੇ ਸਨ। ਸ਼ਾਇਦ ਮਹਾਰਾਣੀ ਕੁਝ ਹੋਰ ਸਮਾਂ ਅੰਗਰੇਜ਼ ਅਧਿਕਾਰੀਆਂ ਦੀ ਨਿਗਾਹ ਵਿਚ ਬਿਨਾਂ ਰੜਕੇ ਦੇ ਕੰਮ ਕਰ ਸਕਦੀ ਪਰ ਉਸ ਦੀ ਬਦਕਿਸਮਤੀ ਨੂੰ ਰਾਜਾ ਲਾਲ ਸਿੰਘ ਦਾ ਇਕ ਗੁਪਤ ਸੰਦੇਸ਼ ਪਕੜਿਆ ਗਿਆ। ਇਸ ਗੁਪਤ ਸੰਦੇਸ਼ ਨੇ ਬਰਿਟਿਸ਼ ਅਧਿਕਾਰੀਆਂ ਨੂੰ ਛੇਤੀ ਹੀ ਮਹਾਰਾਣੀ ਦੇ ਪਰ ਕੱਟਣ ਲਈ ਤਿਆਰ ਕਰ ਦਿੱਤਾ। ਜਦੋਂ ਬਰਿਟਿਸ਼ ਰੈਜੀਡੈਂਟ ਨੇ ਲਾਹੌਰ ਦਰਬਾਰ ਵਲੋਂ ਕਾਸ਼ਮੀਰ ਦੇ ਗਵਰਨਰ ਨੂੰ ਹੁਕਮ ਭੇਜਿਆ ਸੀ ਕਿ ਉਹ ਰਾਜਾ ਗੁਲਾਬ ਸਿੰਘ ਅਗੇ ਸਮਰਪਣ ਕਰ ਜਾਵੇ ਤਾਂ ਮਹਾਰਾਣੀ ਨਹੀਂ ਚਾਹੁੰਦੀ ਸੀ ਕਿ ਕਸ਼ਮੀਰ ਨੂੰ ਇਉਂ ਤੋੜ ਕੇ ਅਲਗ ਕੀਤਾ ਜਾਵੇ। ਅੰਗਰੇਜ਼ਾਂ ਨੇ ਬਹਾਨਾ ਇਹ ਬਣਾਇਆ ਸੀ ਕਿ ਕਿਉਂਕਿ ਲਾਹੌਰ ਦਰਬਾਰ ਡੇਢ ਕਰੋੜ ਦਾ ਹਰਜਾਨਾ ਅਦਾ ਨਹੀਂ ਕਰ ਸਕਦਾ ਇਸ ਕਰਕੇ ਇਸ ਦੇ ਬਦਲੇ ਕਸ਼ਮੀਰ ਗੁਲਾਬ ਸਿੰਘ ਨੂੰ ਵੇਚਿਆ ਜਾਂਦਾ ਹੈ। ਡੇਢ ਕਰੋੜ ਦੀ ਗੱਲ ਮਹਾਰਾਣੀ ਵਾਸਤੇ ਕੀ ਗੱਲ ਸੀ ? ਉਸ ਪਾਸ ਤਾਂ ਬਨਾਰਸ ਅਤੇ ਚੁਨਾਰ ਦੇ ਕਿਲਿਆਂ ਵਿਚ ਕੈਦ ਰਹਿਣ ਸਮੇਂ ਵੀ ਕਰੋੜਾਂ ਰੁਪਏ ਦੇ ਮੁੱਲ ਦੇ ਹੀਰੇ, ਮੋਤੀ ਤੇ ਜਵਾਹਰਾਤ ਸਨ। ਇਕੱਲਾ ਕੋਹੇਨੂਰ ਹੀਰਾ ਹੀ ਕਰੋੜਾਂ ਰੁਪਏ ਦੀ ਵਸਤੂ ਸੀ। ਪਰ ਇਹ ਗੱਲ ਅੰਗਰੇਜ਼ ਨਹੀਂ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਦਰਬਾਰ ਦੇ ਮੈਂਬਰ ਡੇਢ ਕਰੋੜ ਰੁਪਿਆ ਦੇਣ ਦੀ ਅਸਮਰਥਾ ਜ਼ਾਹਰ ਕਰਨ ਤਾਂ ਕਿ ਉਨ੍ਹਾਂ ਨੂੰ ਕਸ਼ਮੀਰ ਅਲੱਗ ਕਰਨਾ ਸੌਖਾ ਹੋ ਜਾਵੇ। ਸ਼ਾਹੀ ਮਹਿਲਾਂ ਦੀ ਤਾਂ ਗੱਲ ਛੱਡੋ ਲਾਹੌਰ ਦਰਬਾਰ ਦਾ ਹਰ ਸਰਦਾਰ ਕਰੋੜਾਂ ਰੁਪਏ ਦੇ ਸਕਦਾ ਸੀ। ਫਰਕ ਸਿਰਫ ਇਹ ਸੀ ਪਹਿਲਾਂ ਮਹਾਰਾਣੀ ਚਾਹੁੰਦੀ ਸੀ ਕਿ ਹਰਜਾਨੇ ਦੀ ਰਕਮ ਲਾਹੌਰ ਦਰਬਾਰ ਦੇ ਵਜ਼ੀਰ ਇਕੱਠੀ ਕਰਕੇ ਦੇਣ। ਦਰਬਾਰ ਦੇ ਵਜ਼ੀਰਾਂ ਨੂੰ ਅੰਗਰੇਜ਼ ਅਧਿਕਾਰੀਆਂ ਨੇ ਇਸ ਬਾਰੇ ਹੱਲਾਸ਼ੇਰੀ ਨਾ ਦਿੱਤੀ। ਗੱਲ ਕਸ਼ਮੀਰ ਨੂੰ ਵੇਚਣ ਦੀ ਤਹਿ ਕਰਵਾ ਲਈ ਸੀ। ਇਸ ਪਿੱਛੋਂ ਮਹਾਰਾਣੀ ਨੇ ਕਿਹਾ ਕਿ ਉਹ ਖੁਦ ਇਹ ਹਰਜਾਨਾ ਅਦਾ ਕਰਨ ਨੂੰ ਤਿਆਰ ਹੈ। ਉਹ ਰਾਜਾ ਲਾਲ ਸਿੰਘ ਰਾਹੀਂ ਇਹ ਗੱਲ ਰੈਜੀਡੈਂਟ ਨਾਲ ਕਰਨੀ ਚਾਹੁੰਦੀ ਸੀ। ਰੈਜੀਡੈਂਟ ਕਿਸੇ ਵੀ ਵਜ਼ੀਰ ਨੂੰ ਉਦੋਂ ਤਕ ਗੱਲ ਸ਼ੁਰੂ ਕਰਨ ਦੀ ਇਜ਼ਾਜਤ ਨਹੀਂ ਦਿੰਦਾ ਸੀ ਜਦੋਂ ਤਕ ਉਹ ਖੁਦ ਐਸਾ ਕਰਨ ਨੂੰ ਨਾ ਕਹਿੰਦਾ ਸੀ। ਮਹਾਰਾਣੀ ਦੀ ਗੱਲ ਨੂੰ ਦਬਾ ਕੇ ਛੇਤੀ ਛੇਤੀ ਕਸ਼ਮੀਰ ਨੂੰ ਅਲੱਗ ਕਰਕੇ ਮਾਮਲਾ ਖ਼ਤਮ ਕਰਨਾ ਚਾਹੁੰਦਾ ਸੀ। ਜਦੋਂ ਲਾਹੌਰ ਦਰਬਾਰ ਵਲੋਂ ਪਾਸ ਕੀਤੇ ਫੈਸਲੇ ਦੀ ਜਾਣਕਾਰੀ ਮਹਾਰਾਣੀ ਨੂੰ ਮਿਲੀ ਤਾਂ ਉਸ ਨੇ ਇਸ ਖਿਆਲ ਨਾਲ ਰਾਜਾ ਲਾਲ ਸਿੰਘ ਤੋਂ ਪਰਧਾਨ ਵਜ਼ੀਰ ਦੀ ਹੈਸੀਅਤ ਵਿਚ ਕਾਸ਼ਮੀਰ ਦੇ ਨਾਜ਼ਮ ਨੂੰ ਅਜਿਹਾ ਨਾ ਕਰਨ ਦੇ ਹੁਕਮ ਭਿਜਵਾ ਦਿਤੇ। ਕਾਨੂੰਨੀ ਤੌਰ 'ਤੇ ਰਾਜਾ ਲਾਲ ਸਿੰਘ ਦੇ ਹੁਕਮ ਉਸ ਨੂੰ ਮੰਨਣੇ ਪੈਣੇ ਸਨ। ਨਾਜ਼ਮ ਨੇ ਇਨ੍ਹਾਂ ਹੁਕਮਾਂ ਮੁਤਾਬਕ ਰਾਜਾ ਗੁਲਾਬ ਸਿੰਘ ਵਲੋਂ ਭੇਜੀ ਗਈ ਸੈਨਿਕ

ਟੁਕੜੀ ਨੂੰ ਹਰਾ ਕੇ ਵਾਪਸ ਮੋੜ ਦਿੱਤਾ। ਇਸ ਅਸਫਲਤਾ ਤੋਂ ਪਿੱਛੋਂ ਰੈਜੀਡੈਂਟ ਖੁਦ ਫੌਜ ਲੈ ਕੇ ਗਿਆ ਤੇ ਕਸ਼ਮੀਰ ਦਾ ਕਬਜ਼ਾ ਲੈ ਕੇ ਦਿਤਾ। ਕਾਸ਼ਮੀਰ ਦਾ ਨਾਜ਼ਮ ਸ਼ੇਖ ਇਮਾਮੁਦੀਨ ਰੈਜੀਡੈਂਟ ਅੱਗੇ ਰਾਜਾ ਲਾਲ ਸਿੰਘ ਵਲੋਂ ਭੇਜੇ ਗਏ ਗੁਪਤ ਸੰਦੇਸ਼ ਬਾਰੇ ਮੰਨ ਗਿਆ। ਰੈਜੀਡੈਂਟ ਰਾਜਾ ਲਾਲ ਸਿੰਘ ਨੂੰ ਮਹਾਰਾਣੀ ਸਾਹਿਬਾ ਦਾ ਬੰਦਾ ਸਮਝਦਾ ਸੀ ਅਤੇ ਉਸ ਨੇ ਤੁਰੰਤ ਰਾਜਾ ਲਾਲ ਸਿੰਘ ਨੂੰ ਸਸਪੈਂਡ ਕਰਕੇ ਗ੍ਰਿਫ਼ਤਾਰ ਕਰ ਲਿਆ ਅਤੇ ਮਹਾਰਾਣੀ ਦਾ ਪਰ ਕੱਟ ਦਿੱਤਾ ਗਿਆ ਸੀ।

ਗਵਰਨਰ ਜਨਰਲ ਨੇ ਰੈਜੀਡੈਂਟ ਨੂੰ ਸਲਾਹ ਦਿਤੀ ਕਿ ਲਾਹੌਰ ਦਰਬਾਰ ਨਾਲ ਇਕ ਹੋਰ ਸੰਧੀ ਕੀਤੀ ਜਾਵੇ ਜਿਸ ਅਨੁਸਾਰ ਬਰਿਟਿਸ਼ ਫੌਜ ਉਸ ਸਮੇਂ ਤਕ ਲਾਹੌਰ ਵਿਚ ਰਹੇ ਜਦੋਂ ਤਕ ਮਹਾਰਾਜਾ ਦਲੀਪ ਸਿੰਘ ਬਾਲਗ ਨਹੀਂ ਹੁੰਦਾ। ਮਹਾਰਾਣੀ ਪਾਸ ਕੋਈ ਵੀ ਰਾਜਨੀਤਕ ਅਧਿਕਾਰ ਨਹੀਂ ਹੋਣਾ ਚਾਹੀਦਾ। ਲੇਕਿਨ ਨਾਲ ਹੀ ਉਸ ਦੀ ਇਹ ਵੀ ਹਦਾਇਤ ਸੀ ਕਿ ਅਜਿਹੀਆਂ ਨਵੀਆਂ ਗੱਲਾਂ ਦੀ ਮੰਗ ਖੁਦ ਲਾਹੌਰ ਦਰਬਾਰ ਦੇ ਮੈਂਬਰਾਂ ਵਲੋਂ ਹੋਣੀ ਚਾਹੀਦੀ ਹੈ। ਜਿਵੇਂ ਮੈਂ ਪਹਿਲਾਂ ਲਿਖਿਆ ਹੈ ਕਿ ਡੇਢ ਕਰੋੜ ਦੇ ਹਰਜਾਨੇ ਬਦਲੇ ਕਸ਼ਮੀਰ ਨੂੰ ਵੇਚਣ ਦੀ ਗੱਲ ਵੀ ਖੁਦ ਅੰਗਰੇਜ਼ ਰੈਜੀਡੈਂਟ ਨੇ ਲਾਹੌਰ ਦਰਬਾਰ ਦੇ ਮੈਂਬਰਾਂ ਕੋਲੋਂ ਕਾਰਵਾਈ ਸੀ ਹਾਲਾਂਕਿ ਲਾਹੌਰ ਦਰਬਾਰ ਪਾਸ ਪੈਸੇ ਦੀ ਕਮੀ ਨਹੀਂ ਸੀ। ਇਸੇ ਤਰ੍ਹਾਂ ਹੁਣ ਦਰਬਾਰ ਦੇ ਮੈਂਬਰਾਂ ਪਾਸੋਂ ਹੀ ਇਹ ਮੰਗ ਕਰਵਾਈ ਜਾਣੀ ਸੀ ਕਿ ਉਕਤ ਲਿਖੀਆਂ ਗਈਆਂ ਗੱਲਾਂ ਦੀ ਪੂਰਤੀ ਲਈ ਇਕ ਨਵੀਂ ਸੰਧੀ ਕੀਤੀ ਜਾਵੇ। ਰੈਜੀਡੈਂਟ ਲਈ ਇਹ ਗੱਲ ਕਰਵਾਉਣੀ ਕੋਈ ਔਖੀ ਗੱਲ ਨਹੀਂ ਸੀ। ਸ. ਤੇਜ ਸਿੰਘ ਰਾਹੀਂ ਉਹ ਕੋਈ ਵੀ ਗੱਲ ਸ਼ੁਰੂ ਕਰਵਾ ਸਕਦੇ ਸਨ। ਸ. ਤੇਜ ਸਿੰਘ ਦੀ ਵਿਰੋਧਤਾ ਮਹਾਰਾਣੀ ਖੁੱਲ੍ਹੇ ਰੂਪ ਵਿਚ ਕਰਦੀ ਸੀ। ਦਰਬਾਰ ਦਾ ਹੋਰ ਕੋਈ ਮੈਂਬਰ ਵੀ ਉਸ ਨੂੰ ਪਸੰਦ ਨਹੀਂ ਕਰਦਾ ਸੀ। ਇਸ ਕਰਕੇ ਤੇਜ ਸਿੰਘ ਦਰਬਾਰ ਵਿਚ ਨਿਰੋਲ ਰੈਜੀਡੈਂਟ ਦੀ ਆਪਣੀ ਪਸੰਦ ਸੀ। ਦਰਬਾਰ ਦੇ ਬਾਕੀ ਮੈਂਬਰਾਂ ਨੂੰ ਖੁੱਲੀਆਂ ਜਾਗੀਰਾਂ ਦਿਤੀਆਂ ਗਈਆਂ ਸਨ ਜਿਨ੍ਹਾਂ ਦੀ ਉਨ੍ਹਾਂ ਨੂੰ ਉੱਕਾ ਹੀ ਉਮੀਦ ਨਹੀਂ ਸੀ। ਇਸ ਕਰਕੇ ਉਹ ਰੈਜੀਡੈਂਟ ਦੀ ਕਿਸੇ ਵੀ ਗੱਲ ਨੂੰ ਰੱਦ ਕਰਨ ਦਾ ਹੌਂਸਲਾ ਨਹੀਂ ਰਖਦੇ ਸਨ। ਦਰਬਾਰ ਦੇ ਮੈਂਬਰ ਹੋਰ ਹਰ ਇਕ ਗੱਲ ਕਰਨ ਨੂੰ ਤਾਂ ਤਿਆਰ ਸਨ ਪਰ ਮਹਾਰਾਣੀ ਦੀ ਤਾਕਤ ਘੱਟ ਕਰਨ ਨੂੰ ਤਿਆਰ ਨਹੀਂ ਹੋ ਸਕਦੇ ਸਨ। ਇਨ੍ਹਾਂ ਗੱਲਾਂ ਦੀ ਕਨਸੋਅ ਮਹਾਰਾਣੀ ਤਕ ਵੀ ਪਹੁੰਚ ਗਈ ਸੀ। ਮਹਾਰਾਣੀ ਨੇ ਰੈਜੀਡੈਂਟ ਦੀ ਚਾਲ ਦਾ ਜਵਾਬ ਦੇਣ ਲਈ ਦਰਬਾਰ ਦੇ ਮੈਂਬਰਾਂ ਦੀ ਇਕ ਮੀਟਿੰਗ 30 ਸਤੰਬਰ, 1846 ਨੂੰ ਬੁਲਾ ਲਈ। ਇਸ ਮੀਟਿੰਗ ਵਿਚ ਇਹ ਮਤਾ ਪਾਸ ਕਰਕੇ ਰੈਜੀਡੈਂਟ ਪਾਸ ਭੇਜ ਦਿਤਾ ਗਿਆ : "ਗਵਰਨਰ ਜਨਰਲ ਵਲੋਂ ਲਾਹੌਰ ਵਿਚੋਂ ਆਪਣੀ ਫੌਜ ਨੂੰ ਵਾਪਸ ਬੁਲਾਉਣ ਬਾਰੇ ਦਰਬਾਰ ਦੇ ਮੈਂਬਰਾਂ ਵਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਸਰਕਾਰ ਦੀ ਹੋਂਦ, ਮਹਾਰਾਣੀ ਅਤੇ ਮਹਾਰਾਜੇ ਦਾ ਆਪਣਾ ਜੀਵਨ ਸਿਰਫ ਉਸੇ ਹੀ ਫੌਜ ਦੀ ਸੁਰੱਖਿਆ ਉਪਰ ਨਿਰਭਰ ਕਰਦਾ ਹੈ। ਜੇ ਫੌਜ ਨੇ ਸਿਰਫ ਠਹਿਰਣਾ ਹੀ ਹੈ ਤਾਂ ਦਰਬਾਰ ਹਰ ਉਸ ਸ਼ਰਤ ਨੂੰ ਮੰਨਣ ਲਈ ਤਿਆਰ ਹੈ ਜਿਹੜੀ ਬਰਿਟਿਸ਼ ਸਰਕਾਰ ਲਾਉਣਾ ਠੀਕ ਸਮਝਦੀ ਹੈ।" ਭਾਈ ਰਾਮ ਸਿੰਘ ਨੇ ਅਗਲੀ ਸਵੇਰ ਇਹ ਫੈਸਲਾ ਰੈਜੀਡੈਂਟ ਤਕ ਪਹੁੰਚਾ ਦਿਤਾ।

ਜੇ ਤਾਂ ਸਿਰਫ ਲਾਹੌਰ ਦਰਬਾਰ ਦੇ ਬੇਨਤੀ ਅਤੇ ਲਾਹੌਰ ਦਰਬਾਰ ਦੀ ਸੁਰੱਖਿਆ ਲਈ ਹੀ ਅੰਗਰੇਜ਼ਾਂ ਨੇ ਕੁਝ ਕਰਨਾ ਸੀ ਫਿਰ ਤਾਂ ਉਸ ਦੀ ਇਹੀ ਲਿਖਤੀ ਬੇਨਤੀ ਸੀ ਅਤੇ ਇਸ ਤੋਂ ਵਧੀਆ ਕੋਈ ਹੋਰ ਡਿਪਲੋਮੈਟਿਕ ਸ਼ਬਦਾਵਲੀ ਨਹੀਂ ਹੋ ਸਕਦੀ ਸੀ। ਪਰ ਇਥੇ ਤਾਂ ਗੱਲ ਲਾਹੌਰ ਦਰਬਾਰ ਤੇ ਕਬਜ਼ਾ ਕਰਨ ਦੀ ਸੀ ਜਿਸ ਬਾਰੇ ਅੰਗਰੇਜ਼ ਅਧਿਕਾਰੀ ਫੂਕਾਂ ਮਾਰ ਮਾਰ ਕੇ ਪੈਰ ਰੱਖ ਰਹੇ ਸਨ। ਉਪਰੋਕਤ ਮਤਾ ਕਿਸੇ ਵੀ ਅੰਗਰੇਜ਼ ਅਧਿਕਾਰੀ ਦੇ ਵਿਚਾਰ ਦਾ ਵਿਸ਼ਾ ਨਹੀਂ ਬਣਿਆ।

1846 ਈ. ਦੇ ਦਸੰਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ ਆਪਣੇ ਮਨੋਰਥ ਦੀ ਪੂਰਤੀ ਲਈ ਲਾਹੌਰ ਆਇਆ। ਉਸ ਨੇ ਦਰਬਾਰ ਦੇ ਮੈਂਬਰਾਂ ਨੂੰ ਟਾਈਮ ਦੇਖਣ ਵਾਲੀਆਂ ਘੜੀਆਂ ਤੋਹਫੇ ਵਜੋਂ ਦਿਤੀਆਂ। ਇਹ ਘੜੀਆਂ ਗਲਾਂ ਵਿਚ ਪਾਉਣ ਵਾਲੀਆਂ ਸਨ। ਉਸ ਨੇ ਦਰਬਾਰ ਦੇ ਮੈਂਬਰਾਂ ਸਾਮਹਣੇ ਰੈਜੀਡੈਂਟ ਤੋਂ ਇਹ ਅਖਵਾਇਆ ਕਿ ਗਵਰਨਰ ਜਨਰਲ ਸਾਹਿਬ, ਬਾਲ ਮਹਾਰਾਜੇ ਦੇ ਪਿਤਾ ਦਾ ਰੋਲ ਨਿਭਾਉਣਾ ਚਾਹੁੰਦੇ ਹਨ ਇਸ ਲਈ ਉਹ ਬਾਲ ਮਹਾਰਾਜੇ ਦੀ ਸਿਖਿਆ ਵਾਸਤੇ ਇਕ ਅਤੀ ਚੰਗਾ ਪਰਬੰਧ ਕਰਨਾ ਚਾਹੁੰਦੇ ਹਨ ਤਾਂ ਕਿ ਮਹਾਰਾਜਾ ਬਾਲਗ ਹੋ ਕੇ ਪੂਰੀ ਨਿਪੁੰਨਤਾ ਨਾਲ ਰਾਜ-ਪਰਬੰਧ ਨੂੰ ਸੰਭਾਲ ਸਕੇ। ਇਸ ਮਕਸਦ ਲਈ ਉਸ ਨੂੰ ਰਾਜਮਾਤਾ ਮਹਾਰਾਣੀ ਸਾਹਿਬਾਂ ਨਾਲੋਂ ਅਲੱਗ ਕਰਨਾ ਜ਼ਰੂਰੀ ਹੈ। ਦਰਬਾਰ ਦੇ ਮੈਂਬਰ ਚੁੱਪ-ਚਾਪ ਸੁਣਦੇ ਰਹੇ।

**ਚਲਦਾ....**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**20 ਮਾਰਚ, 1987 ਸ਼ੁੱਕਰਵਾਰ**
**ਨਵੀਂ ਦਿੱਲੀ**

ਬਲਰਾਜ ਸਾਡੇ ਭਮਰਾ ਖੜਕ ਸਿੰਘ ਦੇ ਨਿਕਟ ਸੰਬੰਧੀ ਸਰਦਾਰ ਸਵਰਨ ਸਿੰਘ ਨਾਲ ਵਿਵਾਹਿਤ ਹੈ। ਦੀਵਾਨ ਵਿੱਚ ਸ੍ਰੀ ਮਹਾਰਾਜ ਜੀ ਬੇਬੇ ਜੀ ਤੇ ਸਰਦਾਰ ਮਹਿੰਦਰ ਸਿੰਘ ਬੱਲ ਆਦਿ ਹੋਰ ਵੀ ਜੀਵਨ ਨਗਰ ਦੇ ਸੱਜਣ ਬੈਠੇ ਹੋਏ ਸਨ। ਮੈਂ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਆਪਣੇ ਨਿਸ਼ਚਿਤ ਸਥਾਨ ਤੇ ਜਾ ਬੈਠਾ ਤੇ ਇੱਕ ਰੁੱਕਾ ਲਿਖਕੇ ਸਤਿਗੁਰੂ ਜੀ ਨੂੰ ਭੇਟ ਕੀਤਾ ਕਿ ਕੱਲ ਉਸਤਾਦ ਹਾਫਿਜ ਅਲੀ ਮੈਮੋਰੀਅਲ ਸੁਸਾਇਟੀ ਦਿੱਲੀ ਵਲੋਂ ਕਮਾਨੀ ਹਾਲ ਵਿੱਚ ਨਾਮਧਾਰੀ ਕਲਾਕਾਰਾ ਦੀ ਪੇਸ਼ਕਾਰੀ ਹੈ ਪਰ ਮੈਨੂੰ ਦੱਸਿਆ ਨਹੀਂ ਗਿਆ। ਪਤਾ ਲੱਗ ਜਾਣ ਤੇ ਮੈਂ ਮਿੱਥੇ ਪ੍ਰੋਗਰਾਮ ਭੰਨ ਤੋੜ ਕੇ ਆਇਆਂ ਹਾਂ। ਸ੍ਰੀ ਸਤਿਗੁਰੂ ਜੀ ਨਾਮ ਸਿਮਰਨ ਕਰ ਰਹੇ ਸਨ ਪਰ ਉਹਨਾਂ ਕਿਰਪਾ ਕੀਤੀ। ਦੂਜੇ ਪੁਰਜੇ ਤੇ ਲਿਖਿਆ-ਕਵੀ ਜੀ ਕੱਲ 21.3. 87 ਨੂੰ ਕਮਾਨੀ ਆਰਟ-ਔਡੀਟੋਰੀਅਮ ਵਿੱਚ ਸੰਗੀਤ ਕਾਨਫਰੰਸ ਹੈ। ਜਰੂਰ ਪਹੁੰਚਣਾ ਹੈ, ਸੂਚਨਾ ਹਿਤ ਦੱਸਿਆ ਗਿਆ ਹੈ। ਸਾਡੇ ਲਈ ਇਹ ਕਾਗਜ ਦਾ ਟੁਕੜਾ ਸੰਪੂਰਨ ਸੁਖ ਦਾ ਸਰਟੀਫਿਕੇਟ ਸੀ। ਮੈਂ ਅੱਜ ਹੀ ਸ੍ਰੀ ਚਰਨਾਂ ਵਿੱਚ ਸ. ਸੰਤੋਖ ਸਿੰਘ ਧੀਰ ਨੂੰ ਸ. ਕੇਹਰ ਸਿੰਘ ਹਮਰਾਹੀ ਨਾਲ ਜਾਕੇ ਦਿੱਤੇ 5000 ਦੀ ਸੂਚਨਾ ਦੇ ਦਿੱਤੀ ਅਤੇ ਉਹ ਸ਼ਬਦ ਸਾਂਝੇ ਕਰ ਲਏ ਜੋ ਧੀਰ ਜੀ ਦਾ ਪ੍ਰਤੀਕਰਮ ਸੀ। 6 ਵਜੇ ਨਾਮ ਸਿਮਰਨ ਉਪਰੰਤ ਦੋ ਸ਼ਬਦਾਂ ਦਾ ਕੀਰਤਨ ਹੋ ਗਿਆ। ਦੀਵਾਨ ਸਮਾਪਤੀ ਤੇ ਮੈਂ ਉਸ ਪੁੱਤਰੀ ਨੂੰ ਮਿਲਿਆ ਜਿਹਦਾ ਅੱਧ ਵਿਚੋਲਾ ਮੈਂ ਸਾਂ ਅਤੇ ਦੁਖੀ ਜੀ ਦੇ ਸਵਰਗਵਾਸ ਕਰਨ ਤੋਂ ਬਾਅਦ ਪਿਤਾ ਵੀ। ਅੱਜ ਦੇ ਅੰਗਰੇਜੀ ਹਿੰਦੀ ਅਖਬਾਰਾਂ ਵਿੱਚ ਉਸਤਾਦ ਅਮਜਦ ਅਲੀ ਖਾਂ ਵਲੋਂ ਉਸਤਾਦ ਹਾਫਿਜ ਅਲੀ ਮੈਮੋਰੀਅਲ ਸੁਸਾਇਟੀ ਦੇ ਨਾਂ ਤੇ ਕੱਲ੍ਹ ਹੋਣ ਵਾਲੇ ਸੰਗੀਤ ਪ੍ਰੋਗਰਾਮ ਦੀ ਐਡਵਰਟਾਈਜਮੈਂਟ ਛਪਵਾਈ ਗਈ। ਜਿਸ ਵਿੱਚ ਕਲਾਕਾਰਾਂ ਦੇ ਨਾਂ ਦੇ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਭਾਗਾਰ ਵਿੱਚ ਉਪਸਥਿਤੀ ਦਾ ਵੀ ਜਿਕਰ ਹੈ।

**21 ਮਾਰਚ 1987, ਸ਼ਨੀਵਾਰ,**
**ਨਵੀਂ ਦਿੱਲੀ**

ਆਸਾ ਦੀ ਵਾਰ ਦਾ ਆਯੋਜਨ ਅੰਮ੍ਰਿਤ ਵੇਲੇ ਤੋਂ ਹੀ ਸ੍ਰੀ ,ਮਨਜੀਤ ਸਿੰਘ ਰਘੁਬੀਰ ਨਗਰ ਦੇ ਜਥੇ ਵਲੋਂ ਸ੍ਰੀ ਸਤਿਗੁਰੂ ਜੀ ਦੇ ਸਨਮੁਖ। ਸਾਧ ਸੰਗਤ ਦੀ ਭਰਪੂਰਤਾ। 6.15 ਤੇ ਸਮਾਪਤੀ ਸਮੇਂ ਦੱਸਿਆ ਗਿਆ ਕਿ ਅੱਜ ਨਾਮਧਾਰੀ ਸਿੰਘ ਸਿੰਘਣੀਆਂ ਆਪਣੇ ਸਫੈਦ ਪਹਿਰਾਵਿਆਂ ਵਿੱਚ 9.30 ਵਜੇ ਕਮਾਨੀ ਹਾਲ ਵਿੱਚ ਪਹੁੰਚਣ ਪਰੰਤੂ ਨਾਲ ਬੱਚੇ ਨਾ ਹੋਣ। ਅੱਜ ਦੇ ਇਸ ਫੰਕਸ਼ਨ ਦੀ ਇਸ਼ਤਹਾਰਬਾਜੀ ਅਖਬਾਰਾਂ ਵਿੱਚ ਫਿਰ ਹੋਈ। ਭਾਰਤ ਟਾਈਮਸ, ਹਿੰਦੁਸਤਾਨ ਟਾਈਮਸ, ਹਿੰਦੂਸਤਾਨ ਆਦਿ ਵਿੱਚ ਕਲ ਵਾਲੇ ਸ਼ਬਦਾਂ ਨਾਲ ਹੀ ਐਡਵਰਟਾਈਜ ਮੈਂਟ ਛਪਿਆ। 10.30 ਤੱਕ ਮੈਂ ਵੀ ਕਮਾਨੀ ਐਡੀਟੋਰੀਅਮ ਵਿੱਚ ਪਹੁੰਚ ਗਿਆ। ਆਗੰਤੁਕਾਂ ਦਾ ਅਭਿਨੰਦਨ ਉਸਤਾਦ ਅਮਜਦ ਅਲੀ ਖਾਂ ਆਪਣੀ ਸੁੰਦਰ ਸੁਪਤਨੀ ਸੂਬਾ ਲਕਸ਼ਮੀ ਨਾਲ ਖਲੋਤੇ ਕਰ ਰਹੇ ਹਨ। ਹਾਲ ਵਿੱਚ ਦਾਖਲ ਹੋਣ ਸਮੇਂ ਉਸਤਾਦ ਜੀ ਦੇ ਸਪੁੱਤਰ ਅਮਾਨ ਨੇ ਇੱਕ ਛਪੀ ਹੋਈ ਚੁਵਰਕੀ ਫੜਾਈ ਜਿਸ

ਵਿੱਚ ਕਵੋਦਤ ਕਲਾਕਾਰਾਂ ਦੇ ਚਿੱਤਰ ਤੇ ਜਾਣ-ਪਛਾਣ ਸੀ। ਹਾਲ ਵਿੱਚ ਖਾਸੀ ਰੋਣਕ ਸੀ ਪਰ ਬਹੁਤੇ ਨਾਮਧਾਰੀ ਸਰੋਤੇ ਹੀ ਹਨ। ਮੰਚ ਦੀ ਬਣਤਰ ਇਸਤਰਾਂ ਸੀ- ਕਾਲੇ ਪਰਦਿਆਂ ਵਾਲਾ ਮੰਚ ਜਿਸਨੂੰ ਸਾਹਮਣਿਓਂ ਵੇਖਿਆ ਸੱਜੇ ਹੱਥ ਸ੍ਰੀ ਸਤਿਗੁਰੂ ਜੀ ਵਾਸਤੇ ਸਫੈਦ ਸ਼ੁਭਰ ਆਸਣ, ਫੁੱਲਾਂ ਨਾਲ ਸ਼ਿੰਗਾਰਿਆ। ਦਰਮਿਆਨ ਕਲਾਕਾਰਾਂ ਵਾਸਤੇ ਖੁੱਲੀ ਵਿਛਾਈ, ਖੱਬੇ ਪਾਸੇ ਉਸਤਾਦ ਹਾਫਿਜ ਖਲੀ ਖਾਂ ਦੀ ਵੱਡੀ ਛਾਤੀ ਤੱਕ ਦੀ ਫੋਟੋ, ਇਸਦੇ ਅੱਗੇ ਪੁਸ਼ਪਾਜਲੀ, ਦਾਈਂ ਤਰਫ ਉਪਰੋਂ ਆਉਂਦੀ ਇੱਕ ਫੁੱਲਾਂ ਨਾਲ ਸਜੀ ਡੋਰ ਨਾਲ ਲਟਕਦਾ ਸੁਨਹਿਰੀ ਦੀਪਕ। ਦੀਪ ਸੰਗੀਤ ਤੇ ਸਿਮ੍ਰਤੀ ਦੇ ਚਿੰਨ ਵਜੋਂ ਹਾਲ ਦੀਆ ਬੱਤੀਆਂ ਦੁਆਰਾ ਮੰਚ ਪ੍ਰਭਾਵਪੂਰਨ ਦ੍ਰਿਸ਼ਯ ਉਪਸਥਿਤ ਕਰਦਾ ਹੈ।

ਅੱਧੇ ਤੋਂ ਵੱਧ ਹਾਲ ਵਿੱਚ ਨਾਮਧਾਰੀ ਸਰੋਤੇ ਹਨ ਪਰ ਮੂਹਰੀਆਂ ਦੋ ਕਤਾਰਾਂ ਵਿੱਚ ਕਲਾਕਾਰ ਜਾਂ ਹੋਰ ਸੰਗੀਤ ਪ੍ਰੇਮੀ ਹਨ।10.30 ਵਜੇ ਮੰਚ ਉੱਪਰ ਰੋਣਕ ਹੋ ਗਈ ਹੈ। ਉਸਤਾਦ ਹਾਫਿਜ ਅਲੀ ਮੈਮੋਰਿਅਲ ਸੁਸਾਇਟੀ ਦੇ ਮੁਖੀ ਉਸਤਾਦ ਅਜਮਦ ਅਲੀ ਸ੍ਰੀ ਸਤਿਗੁਰੂ ਜੀ ਦੇ ਨਾਲ ਵਾਲੀ ਮੰਚ ਉਹਲਿਉਂ ਨਿਕਲੇ ਸਨ ਅਤੇ ਅੱਜ ਦੇ ਸੰਗੀਤ ਆਯੋਜਨ ਦੇ ਆਰੰਭ ਹਿਤ ਸ਼ਗਨਾਂ ਦਾ ਦੀਪ- ਸ਼੍ਰੀ ਸਤਿਗੁਰੂ ਜੀ ਦੁਆਰਾ ਜਗਾਇਆ ਗਿਆ ਹੈ ਅਤੇ ਹਜ਼ੂਰ ਆਸਣ ਤੇ ਆਣ ਬਿਰਾਜ ਮਾਨ ਹੁੰਦੇ ਹਨ। ਸੇਵਕ ਬਲਦੇਵ ਸਿੰਘ, ਮਹਿੰਦਰ ਸਿੰਘ ਪੂਰਬਾ, ਸ. ਹਰਵਿੰਦਰ ਸਿੰਘ ਹੰਸਪਾਲ, ਬਲਦੇਵ ਸਿੰਘ ਨੰ: 1 ਰਮੇਸ਼ ਨਗਰ, ਸੁਖਦੇਵ ਸਿੰਘ ਬਾਲੀ ਨਗਰ ਅਤੇ ਉਸਤਾਦ ਹਰਭਜਨ ਸਿੰਘ ਆਦਿ ਸ੍ਰੀ ਸਤਿਗੁਰੂ ਜੀ ਦੇ ਗਿਰਦ ਬੈਠ ਗਏ। ਉਸਤਾਸ ਅਮਜਦ ਜੀ ਨੇ ਸੁਸਾਇਟੀ ਵਲੋਂ ਸ੍ਰੀ ਸਤਿਗੁਰੂ ਜੀ ਦੇ ਗਲੇ ਫੁੱਲ ਹਾਰ ਪਹਿਨਾਕੇ ਸੁਆਗਤ ਸਤਿਕਾਰ ਦੀਪਕ ਜਲਾਉਣ ਤੋਂ ਪਹਿਲਾਂ ਹੀ ਕਰ ਲਿਆ ਸੀ।ਹੁਣ ਮੰਚ ਸਕੱਤਰ ਸ਼ੰਮੀ ਨਾਰੰਗ ਮਾਈਕ ਸਾਹਮਣੇ ਆਏ ਅਤੇ ਉਸਨੇ ਸੰਖੇਪ ਭਰ ਸੁੰਦਰ ਸ਼ਬਦਾਂ ਵਿੱਚ ਅੱਜ ਦੇ ਇਸ ਪ੍ਰੋਗਰਾਮ ਦੀ ਮਹੱਤਤਾ, ਸਤਿਗੁਰੂ ਜੀ ਦੀ ਉਪਸਥਿਤੀ ਦੀ ਚਰਚਾ ਕਰਦਿਆਂ ਸਰੋਦ ਵਾਦਨ ਸ੍ਰੀ ਗੁਰਦੇਵ ਸਿੰਘ ਜੀ ਨੂੰ ਮੰਚ ਤੇ ਆਮੰਤ੍ਰਿਤ ਕੀਤਾ ਗਿਆ। ਇਸੇ ਵਿੱਚ ਸ੍ਰੀ ਗੁਰਦੇਵ ਸਿੰਘ ਅਤੇ ਇਸਦਾ ਤਬਲਾ ਸੰਗਤਕਾਰ ਸ਼ੁਭਾਸ਼ ਨਿਰਮਾਣ ਆ ਗਏ। ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ 650 ਕੁਰਸੀਆਂ ਵਾਲੇ ਹਾਲ ਹਾਲ ਦੀ ਪੋਣੀ ਹਾਜਰੀ ਵਿੱਚ 10.35 ਤੇ ਸਰੋਦ ਦੀ ਪ੍ਰਥਮ ਟੁਣਕਾਰ ਸੁਣਾਈ ਦਿੱਤੀ।

ਸੁਰਜੀਤ ਸਿੰਘ ਸਾਰੰਗੀ ਵਾਦਕ ਨੇ ਤਾਨਪੁਰਾ ਛੇੜ ਲਿਆ। ਖਾਮੋਸ਼ ਫਿਜਾਂ ਵਿੱਚ ਚਮਕਦੀਆਂ ਕਲੀਆਂ ਵਾਂਗ ਸਜੇ ਨਾਮਧਾਰੀ ਅਤੇ ਦੋ ਦਰਜਨ ਤੋਂ ਵੱਧ ਗੈਰ ਨਾਮਧਾਰੀ ਸਰੋਤਿਆਂ ਨੇ ਰਾਗ ਅਹੀਰ ਭੈਰਵ ਦੀ ਅਲਾਪ ਤੇ ਜੋੜ ਝਾਲਾਂ ਸੁਣਾਇਆ। ਸਰੋਤਿਆਂ ਵਿੱਚ ਪ੍ਰਥਮ ਪੰਕਤੀ ਵਿੱਚ ਸੱਜੇ ਮਹਾਰਾਜ ਬੀਰ ਸਿੰਘ ਜੀ, ਸ. ਮਹਿੰਦਰ ਸਿੰਘ ਬੱਲ ਤੇ ਚੈਅਰਮੈਨ ਗੁਰੂ ਹਰੀ ਸਿੰਘ ਜੀ ਕਾਲਜ ਕਮੇਟੀ ਜੀਵਨ ਨਗਰ, ਯੂ ਕੇ ਦੇ ਸ਼ਹਿਰ ਲੀਡਜ ਵਾਲੇ ਸ਼ਰਮਾ ਜੀ, ਸ. ਹਰਭਜਨ ਸਿੰਘ ਰਤਨ; ਰੀਟਾਰਿਡ ਟੀ ਵੀ ਅਧਿਕਾਰੀ, ਸ. ਸੁਲੱਖਣ ਸਿੰਘ ਸੂਰ, ਸ. ਰਾਜਿੰਦਰ ਸਿੰਘ ਭਾਟੀਆ- ਸੰਪਾਦਕ ਕੋਮੀ ਏਕਤਾ, ਔਰੰਗਾਬਾਦ ਵਾਲੇ ਸ. ਹਰਭਜਨ ਸਿੰਘ ਸੂਬਾ ਜੀ ਅਤੇ ਡਾ. ਵਰਮਾ ਯੂ. ਕੇ. ਦੇ ਮੈਡਨ ਹੈਡ ਸ਼ਹਿਰ ਤੋਂ ਆਇਆ ਅਮਰਜੀਤ ਸਿੰਘ ਭਮਰਾ। ਸ. ਮਹਿੰਦਰ ਸਿੰਘ ਭਮਰਾ ਡੁਬਈ ਤੋਂ ਆਏ। ਸਰੋਦ ਦੀ ਜੋਰਦਾਰ ਆਵਾਜ ਹਾਲ ਵਿੱਚ ਛਾ ਗਈ। ਸੁਰਾਂ ਦੀ ਸ਼ਪਸ਼ਟਤਾ ਤੇ ਕਦੇ ਕਦੇ ਸੁਭਾਸ਼ ਨਿਰਮਾਣ ਦੀ ਤਬਲਾ ਵਾਦਨ ਪ੍ਰਬਲਤਾ ਸੰਗੀਤ ਰਲਿਆਂ ਲਈ ਆਨੰਦ ਦਾਇਕ ਰਹੀ। ਅੱਜ ਦੇ ਸਾਰੇ ਪ੍ਰੋਗਰਾਮ ਨੂੰ ਰਿਕਾਰਡ ਕਰਨ ਲਈ ਸੰਤ ਗੁਰਮੁਖ ਸਿੰਘ ਲੁਹਾਰਾਂ, ਸ੍ਰੀ ਹਰਪਾਲ ਸਿੰਘ ਦੇ ਸਹਿਯੋਗ ਨਾਲ ਤਿਆਰ ਬਰ ਤਿਆਰ ਰਹੇ। ਨਿਕੜੂ ਤਬਲਾ ਵਾਦਨ ਗਵਾਲੀਅਰ ਦਾ ਹਰਪ੍ਰੀਤ ਸਿੰਘ ਹਾਲ ਵਿੱਚ ਆਇਆ ਤਾਂ ਸਤਿਗੁਰੂ ਜੀ ਨੇ ਬੱਚੇ ਨੂੰ ਆਪਣੇ ਕੋਲ ਬੈਠਾਣ ਦਾ ਮਾਣ ਬਖਸ਼ਿਆ। 11:25 ਵਜੇ ਦਿਨੇ ਅਹੀਰ ਭੈਰਵ ਦੀਆਂ ਸੁਰਾਂ ਸ਼ਾਂਤ ਹੋਈਆਂ ਤਾਂ ਮੰਚ ਸੰਚਾਲਕ ਨੇ ਦੋ ਉਭਰਦੇ ਨਾਮਧਾਰੀ ਕਲਾਕਾਰਾਂ ਦੀ ਜਾਣਕਾਰੀ ਦਿੱਤੀ ਅਤੇ ਇਨੇ ਵਿੱਚ ਇੱਕ ਤਿੱਕੜੀ ਨਾਮਧਾਰੀ ਪਹਿਰਾਵੇ ਵਿੱਚ ਮੰਚ ਤੇ ਆਈ। ਇਹ ਸਨ ਸ੍ਰੀ ਮੋਹਣ ਸਿੰਘ, ਸ੍ਰੀ ਸੁਖਦੇਵ ਭੈਣੀ ਸਾਹਿਬ ਤੇ ਇਸਦਾ ਛੋਟਾ ਭਰਾ ਸੁਖਵਿੰਦਰ ਸਿੰਘ ਪਿੰਕੀ ਤਬਲਾ ਵਾਦਨ। ਇਹਨਾਂ ਗਾਇਕਾਂ ਨਾਲ ਦੋ ਤਾਨ ਪੁਰੇ ਤੇ ਇੱਕ ਪੇਟੀ ਵਜੰਤਰੀ ਬੈਠੇ। ਇਹਨਾਂ ਨੇ ਸਤਿਕਾਰ ਪੂਰਵਕ ਆਗਿਆ ਲੈ ਕੇ ਸ਼ੁਰੂਆਤ ਕੀਤੀ ਤੇ ਫਿਰ ਜੋਨਪੁਰੀ ਦੀਆਂ ਸੁਰਾਂ ਵਾਤਾਵਾਨ ਚਿੱਵ ਬਖੇਰਨ ਲੱਗੇ। ਹੁਣ ਤੱਕ ਹਾਲ ਦੀਆਂ ਸੀਟਾਂ ਪੂਰਣ ਹੋ ਚੁੱਕੀਆਂ ਸਨ। ਇਹਨਾਂ ਗਾਇਕਾਂ ਨੂੰ ਸੁਨਣ ਲਈ ਇੱਕ ਕੇਂਦਰੀ ਮੰਤਰੀ ਸੁਸ਼ੀਲਾ ਰੁਹਤਗੀ ਨੂੰ ਸੂਬਾ ਲਕਸ਼ਮੀ ਜੀ ਲੈ ਕੇ ਆਏ।ਉਹਨਾਂ ਨੂੰ ਮਹਾਰਾਜ ਜੀ ਵਾਲੀ ਸੀਟ ਦੇ ਨਾਲ ਬੈਠਾਲਿਆ ਗਿਆ। ਇਸ ਹਸਤੀ ਨੂੰ ਜਾਣੂ ਕਰਵਾਉਣ ਲਈ ਸਤਿਗੁਰੂ ਜੀ ਨੇ ਹੰਸਪਾਲ ਜੀ ਨੂੰ ਭੇਜਿਆ। ਇਸ ਗਾਇਕ ਜੋੜੇ ਦੇ ਗੁਰੂ ਮਿਸ਼ਰਾ ਵੀਰ ਅੱਜ ਦਿੱਲੀਉਂ ਬਾਹਰ ਸਨ। ਵੱਡੇ ਖਿਆਲ ਵਿੱਚ ਲੰਮੀ ਰੀਤ ਮੋਹਣ ਨੇ ਲਾਈ, ਉਹਦਾ

ਆਕਾਰ ਅਜੇ ਮੁੱਕਿਆ ਹੀ ਸੀ ਕਿ ਸੁਖਦੇਵ ਨੇ ਸੁਰ ਚੁੱਕ ਲਈ। ਸੁਖਦੇਵ ਸੁਰ ਬਹਾਰ ਨਾਲ ਅਤੇ ਮੋਹਣ ਸਿੰਘ ਵਿਹਲੇ ਹੱਥਾਂ ਨੂੰ ਸੁਰਾਂ ਅਨੁਸਾਰ ਵਰਤਦਿਆਂ ਖੂਬ ਜੋਰਦਾਰ ਤੇ ਮਿੱਠਾ ਗਾਏ। ਇਰਾਦੇ, ਜ਼ਮਜ਼ਮੇ , ਗਮ੍ਰਕਾਂ ਤੇ ਸੁਰਖੀਆਂ ਨਾਲ ਖਿਆਲ ਨੂੰ ਸ਼ਿੰਗਾਰਦੇ ਰਹੇ ਪਰ ਦੀਪ ਦੀਆਂ ਸੁਰਾਂ ਤੇ ਜਾਕੇ ਆਵਾਜ ਫਟ ਜਾਂਦੀ ਰਹੀ। ਵਿਲੰਭਤ ਤੇ ਹਟੇ ਤਾਂ ਦ੍ਰੁਤ ਲੈਆਂ ਵਿੱਚ-

ਬਹੁਤ ਹੀ ਮਿਲਣ ਭਈਅਲਾ
ਗਾਉ ਗਾਉ ਨਾਚੋ ਸਭ ਕੀ ਸਹੇਲੀਆਂ'

ਖੂਬ ਜੰਮਿਆਂ ਅਤੇ 12. 15 ਤੇ ਇਹਨਾਂ ਵੀ ਆਪਣਾ ਜਾਦੂ ਸਮਾਪਤ ਕਰ ਦਿੱਤਾ। ਸਰੋਤਿਆਂ ਖੂਬ ਸਲਾਹਿਆ ਤੇ ਤਾਲੀਆਂ ਮਾਰੀਆਂ। 12.30 ਤੇ ਸਤਿਗੁਰੂ ਜੀ ਨੇ ਆਪਣੇ ਮਨਚਾਹੇ ਬਲਜੀਤ ਸਿੰਘ ਨੂੰ ਪੇਸ਼ ਕੀਤਾ। ਇਸ ਤੋਂ ਪਹਿਲਾਂ ਕਿ ਕਲਾਕਾਰ ਮੰਚ ਉੱਤੇ ਆਉਂਦਾ ਕੇਂਦਰੀ ਰਾਜ ਮੰਤਰੀ ਸੁਸ਼ੀਲਾ ਗੁਰਤਗੀ ਨੂੰ ਲੈ ਕੇ ਉਸਤਾਦ ਜੀ ਮੰਚ ਤੇ ਆਏ। ਮਾਈਕ ਤੇ ਸੰਖੇਪ ਵਿੱਚ ਬੋਲੇ- ਗੁਰੂ ਜੀ ਦੀ ਕਿਰਪਾ ਨਾਲ ਮੈਨੂੰ ਇਹ ਅਵਸਰ ਮਿਲਿਆ ਹੈ। ਹੰਸਪਾਲ ਜੀ ਨੇ ਬੁਲਾਇਆ ਅਤੇ ਅੱਜ ਇਹਨਾਂ ਬੱਚਿਆਂ ਨੂੰ ਸੁਣਕੇ ਈਸ਼ਵਰ ਸਨਮੁਖ ਹੋਇਆ ਲੱਗਾ। ਸਤਿਗੁਰੂ ਜੀ ਤੋਂ ਆਸ਼ੀਰਵਾਦ ਚਾਹੁੰਦੀ ਹਾਂ ਅਤੇ ਬੱਚਿਆਂ ਨੂੰ ਆਸ਼ੀਰਵਾਦ ਦਿੰਦੀ ਹਾਂ ਕਿ ਉਹ ਆਪਣੀ ਕਲਾ ਨਾਲ ਸੰਸਾਰ ਦੀਆਂ ਵਿਖੇਪਤਾਵਾਂ ਨੂੰ ਖਤਮ ਕਰਕੇ ਮੁੜ ਜੋੜ ਦੇਣ। ਕਥਨ ਸਮਾਪਤ ਕਰਕੇ ਮੁੜਦਿਆਂ ਸ਼੍ਰੀ ਮਤੀ ਸੁਸ਼ੀਲਾ ਨੇ ਆਪਣੇ ਨਿਕੜੇ ਕਲਾਕਾਰ ਹਰਪ੍ਰੀਤ ਗਵਾਲੀਅਰ ਬਾਰੇ ਦੱਸਿਆ ਕਿ ਇਹ ਤਬਲਾ ਨਿਵਾਜ ਹੈ। 12.30 ਵਜੇ ਤਾਂ ਬਲਜੀਤ ਸਿੰਘ ਨੇ ਸੁਰ ਕੀਤੀ ਤਾਰ ਸ਼ਹਿਨਾਈ ਉੱਤੇ ਸੁਧ ਸਾਰੰਗ ਉਪਜਾਂਦਾ ਦਿਲ ਨੂੰ ਹਵਾ ਗਜ ਖਿਚਿਆ। ਏਸੇ ਸਮੇਂ ਦਿੱਲੀ ਦੇ ਲੈਫਟੀ ਨੈਂਟ ਗਵਰਨਰ ਮਿ. ਕਪੂਰ ਪੂਰੀ ਸਾਹਿਬ ਤੇ ਹੰਸਪਾਲ ਜੀ ਨਾਲ ਆਕੇ ਮਹਾਰਾਜ ਜੀ ਸੱਜੇ ਪਾਸੇ ਬੈਠ ਗਏ। ਜਦ ਤੱਕ ਖਾਂ ਸਾਹਿਬ ਆਕੇ ਉਨ੍ਹਾਂ ਦੇ ਪਾਸ ਨਹੀਂ ਬੈਠੇ, ਸੰਗੀਤ ਬਾਰੇ ਉਨ੍ਹਾਂ ਦੀ ਪਹੁੰਚ ਦਾ ਸ਼ੁਹ ਨਹੀਂ ਸੀ ਭਰੀਂਦਾ। ਉਹ ਵੀ ਆਪਣੇ ਸੱਜੇ ਨਾਲ ਹੀ ਗੱਲ ਕਰਨਾ ਚਾਹੁੰਦੇ ਸਨ ਨਹੀਂ ਤਾਂ ਮਹਾਰਾਜ ਜੀ ਤਾਂ ਸੰਗੀਤ ਦੇ ਵਿਦਵਾਨ ਹੈ ਹੀ ਸਨ। ਸੰਗੀਤ ਦੇ ਕਲਾਕਾਰਾਂ ਵਿੱਚੋਂ ਇਸ ਸਮੇਂ ਉਸਤਾਦ ਪਿਆਰਾ ਸਿੰਘ, ਬਲਜੀਤ ਸਿੰਘ ਦੇ ਦਿਲਰੁਬਾ ਗੁਰੂ ਅਤੇ ਪੰਡਤ ਦੁਰਗਾ ਲਾਲ ਕੱਥਕ ਆ ਗਏ। ਬਲਜੀਤ ਸਿੰਘ ਨਾਲ ਤਬਲਾ ਪਿੰਕੀ ਵਜਾ ਰਿਹਾ ਸੀ। ਦੋਹਾਂ ਦੀ ਕਲਾ ਤੇ ਆਯੂ ਨੂੰ ਹਰ ਕੋਈ ਵਾਹਵਾ, ਕਿਆ ਬਾਤ ਹੈ; ਤਾਲੀਆਂ ਮਾਰ ਸਲਾਹ ਰਿਹਾ ਸੀ। ਤਬਲੇ ਤੇ ਪਿੰਕੀ ਦੀਆਂ ਉਂਗਲਾਂ ਦਾ ਕਮਾਲ ਸੀ। ਤਾਰ ਸ਼ਹਿਨਾਈ ਦੇ ਗਜ ਤੇ ਪੋਟਿਆਂ ਨੇ ਨਿਹਾਲ ਕਰ ਦਿੱਤਾ। ਦੋਹਾਂ ਯੁਵਕਾਂ ਮੁਨਜਨਾਂ ਨੇ ਸੰਗੀਤ ਪ੍ਰੇਮੀਆਂ ਨੂੰ ਮੋਹ ਲਿਆ। ਤੇਜ ਭਰ ਸਰਗਮਾਂ, ਵਲੇਵੀਆਂ ਸੁਰਾਂ, ਤਾਨਾਂ ਤਿਹਾਈਆਂ; ਭਿੜੰਤਾਂ ਕੀ ਕੁਝ ਨਹੀਂ ਇਸ ਸਮੇਂ ਵਿੱਚ ਹੋਇਆ। ਸਮਾਪਤੀ 1. 15 ਤੇ ਹੋ ਗਈ ਤਾਂ ਚੰਦ ਸ਼ਬਦ ਗਵੱਈਆਂ ਨੇ ਕੁਝ ਕਥਨ ਸਤਿਗੁਰੂ ਜੀ ਦਾ ਧੰਨਵਾਦ ਤੇ ਖਾਂ ਸਾਹਿਬ ਵਲੋਂ ਸਮਾਪਤੀ ਦਾ ਐਲਾਨ ਮੰਚ ਸਕੱਤਰ ਵਲੋਂ 5 ਮਿੰਟ ਵਿੱਚ ਹੀ ਹੋ ਗਿਆ। ਸਤਿਗੁਰੂ ਜੀ ਖਾਸ ਕਰਕੇ ਪ੍ਰਸੰਨ ਸਨ।

ਖਾਂ ਸਾਹਿਬ ਦੀ ਸੁਸਾਇਟੀ ਦੁਆਰਾ ਨਾਮਧਾਰੀ ਯੁਵਕਾਂ ਦੀ ਪੇਸ਼ਕਾਰੀ ਨੇ ਸਤਿਗੁਰੂ ਜੀ ਨੂੰ ਵਿਸ਼ੇਸ਼ ਸੰਤੁਸ਼ਟਤਾ ਦਿੱਤੀ। ਇੱਕ ਪਾਸੇ ਸੰਤ ਭਿੰਡਰਾਂਵਾਲੇ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਨੋਜਵਾਨ ਆਪਣੇ ਸਾਥੀ ਪੰਜਾਬੀਆਂ ਨੂੰ ਗੋਲੀਆਂ ਨਾਲ ਭੁੰਨ ਰਹੇ ਹਨ ਅਤੇ ਪੰਜਾਬ ਪੁਲਿਸ ਅਤੇ c.r.p.f. ਵਾਲੇ ਅੱਤਵਾਦੀਆਂ ਨੂੰ ਫੂੰਡਕ ਰਹੇ ਹਨ-ਸਾਰੇ ਹੀ ਮਾਰੋ ਮਾਰੀ ਦੀ ਖੇਡ ਖੇਡ ਰਹੇ ਹਨ। ਦੂਜੇ ਪਾਸੇ ਸ੍ਰੀ ਸਤਿਗੁਰੂ ਜੀ ਸੰਗੀਤ ਦਾ ਛਿੱਟਾ ਦਿੰਦੇ ਦਿੰਦੇ ਨਾਮਧਾਰੀਆਂ ਵਿੱਚ ਫਿਰਕਾ ਪ੍ਰਸਤੀ ਤੋਂ ਉਦਾਚਿਤ ਦੇਸ਼ ਪ੍ਰੇਮ ਦਾ ਝੰਡਾ ਬੁਲੰਦ ਰੱਖੀ ਆ ਰਹੇ ਹਨ। ਛੇਤੀ ਹੀ ਸਾਰੀ ਸੰਗਤ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਪਹੁੰਚ ਗਈ। ਏਥੇ ਅੱਜ ਦਾ ਦਿਨ ਸੰਤ ਗੁਰਦੇਵ ਸਿੰਘ ਮੰਡੀ ਦੇ ਨਮਿਤ ਸੀ। ਉਹ ਪਿਛਲੇ ਦਿਨੀਂ ਸਰੀਰ ਤਿਆਗ ਗਏ ਹਨ। ਅੱਜ ਉਨ੍ਹਾਂ ਨਮਿਤ ਏਥੇ ਪਾਠ ਦਾ ਭੋਗ ਪੈਣਾ ਸੀ। ਸ਼੍ਰੀ ਸਤਿਗੁਰੂ ਜੀ ਨੂੰ ਸਵੇਰ ਦੀ ਆਸਾ ਦੀ ਵਾਰ ਦੇ ਸਮੇਂ ਤੋਂ ਬਾਅਦ ਆਰਾਮ ਕਰਨਾ ਨਹੀਂ ਸੀ ਮਿਲਿਆ। ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿੱਚ 2 ਤੋਂ 4 ਵਜੇ ਸ਼ਾਮ ਤੱਕ ਜਥੇਦਾਰ ਸੇਵਾ ਸਿੰਘ ਜੀ ਦਾ ਦੀਵਾਨ ਸਜਿਆ।

ਉਪ੍ਰੰਤ ਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ ਸਿਮਰਨ ਹੋ ਕੇ ਸਾਧਾਰਨ ਪਾਠ ਦਾ ਭੋਗ ਪਿਆ। ਸ. ਭੁਪਿੰਦਰ ਸਿੰਘ ਭੁਰਜੀ, ਸ. ਰਣਜੀਤ ਸਿੰਘ ਮੁਜੱਫ਼ਰਨਗਰ, ਬਲਵਿੰਦਰ ਸਿੰਘ ਔਰੰਗਾਬਾਦ ਆਦਿ ਕੁਝ ਸਰੀਰ ਮਾਇਆ, ਬਸਤਰ, ਬਰਤਨ, ਫਲ ਅਤੇ ਫੁੱਲ ਲੈਕੇ ਭੇਟਾ ਧਰਨ ਆਏ। ਅਰਦਾਸ ਹੋਣ ਤੇ ਕੜਾਹ ਪ੍ਰਸਾਦ ਤੇ ਲੰਗਰ ਵਾਤਾਇਆ। ਸਤਿਗੁਰੂ ਜੀ ਜਲਦੀ ਹੀ ਕੋਠੀ ਪ੍ਰਸਥਾਨ ਕਰ ਗਏ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

8. ਇੰਦਰ ਸਿੰਘ ਪਿੰਡ ਰੋਡੇ, ਜਿਹੜੇ ਭੋਗ ਪਾਉਣ ਦੇ ਧਨੀ ਸਨ।
9. ਸੰਤ ਕਰਮ ਸਿੰਘ ਜੀ ਹਿੰਮਤਪੁਰਾ
10. ਮੁਕਤਸਰ ਦੇ ਇਲਾਕੇ ਦਾ ਮਹੰਤ ਭੈਰੋਂ ਸਿੰਘ

ਇਹ ਮਗਰਲੇ ਪੰਜੇ ਮਾਲਵੇ ਦੀ ਸੰਗਤ ਲੈ ਕੇ ਜੱਥ ਵਿਚ ਸ਼ਾਮਲ ਹੋਏ।

11. ਰਿਆਸਤ ਮਲੇਰਕੋਟਲਾ ਵਿਚੋਂ ਸੂਬਾ ਗੁਰਬਖਸ਼ ਸਿੰਘ ਚੱਕ ਵਾਲੇ ਸਮੇਤ ਸੰਗਤ
12. ਦੁਆਬੇ ਦੀ ਸੰਗਤ ਲੈ ਕੇ ਆਏ, ਪੰਡਿਤ ਬਸੰਤ ਸਿੰਘ ਜੀ ਪਧਾਣਾ (ਜਲੰਧਰ) ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਦਿਆ ਗੁਰੂ ਵੀ ਸਨ।
13. ਅੰਮ੍ਰਿਤਸਰ ਦੇ ਇਲਾਕੇ ਦੀ ਸੰਗਤ ਲੈ ਕੇ ਆਏ ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ
14. ਸੰਤ ਭਗਤ ਸਿੰਘ ਦਾਤੇਵਾਲ
15. ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਇਹ ਦੋਵੇਂ ਪੰਥ ਦੇ ਗੰਧ੍ਰਬ ਜਥੇਦਾਰ, ਸਿਆਲਕੋਟ ਅਤੇ ਗੁਰਦਾਸਪੁਰ ਦੀ ਸੰਗਤ ਲੈ ਕੇ ਪੁੱਜੇ।
16. ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ
17. ਸੰਤ ਸੁੰਦਰ ਸਿੰਘ ਪੂੰਗਾਂ ਵਾਲੇ ਜਿਹੜੇ ਕੰਨ ਵਿਚ ਭਜਨ ਦੱਸਦਿਆਂ ਹੀ ਮਸਤ ਕਰ ਦਿੰਦੇ ਸਨ, ਵੀ ਉਤਲੇ ਦੋਹਾਂ ਜ਼ਿਲ੍ਹਿਆਂ ਦੀ ਸੰਗਤ ਲੈ ਕੇ ਆਏ ਸਨ।
18 . ਗੁਜਰਾਂਵਾਲੇ ਦੀ ਸੰਗਤ ਲਿਆਏ ਘੁੱਕਲ ਵਾਲੇ ਸੰਤ ਹਾਕਮ ਸਿੰਘ ਜੀ
19. ਵਿਰਕ ਤੱਪੇ ਵਿਚੋਂ ਸ਼ੇਖੂਪੁਰੇ ਦੀ ਸੰਗਤ ਦਾ ਮੋਹਰੀ ਜੀ ਸੰਤ ਆਲਾ ਸਿੰਘ ਵਰਨ
20. ਲਾਇਲਪੁਰ ਦੀ ਸੰਗਤ ਛੁੱਟੀਆਂ ਵਾਲੇ ਸਿੰਘ ਲਿਆਏ ਸਨ।

ਢੋਟੀਆਂ ਵਾਲੇ ਉਹ ਸਿੰਘ ਸਨ ਜਿਹੜੇ ਮੁਕੰਮਲ ਤੌਰ ਤੇ ਸ਼ਾਕਾਹਾਰੀ ਸਨ ਅਤੇ ਰੱਸਾ ਖਿੱਚਣ ਵਿਚ ਸਾਰੀ ਸ੍ਰਿਸ਼ਟੀ 'ਚ ਕੋਈ ਜਿਨ੍ਹਾਂ ਦੇ ਅੱਗੇ ਨਹੀਂ ਸੀ ਅੜਿਆ। ਦਿਲੀ ਦਰਬਾਰ ਵਿਚ ਇਹਨਾਂ ਯੂਰਪ ਜਿੱਤਣ ਵਾਲੀ ਟੀਮ ਨੂੰ ਹਰਾ ਦਿਤਾ ਸੀ। ਇਸ ਤੋਂ ਇਲਾਵਾ ਸੰਤ ਨੱਥਾ ਸਿੰਘ ਪਤੰਗ ਜੀ ਵੀ ਇਸ ਜ਼ਿਲੇ ਦੀ ਸੰਗਤ ਲੈ ਕੇ ਆਏ ਸਨ।

21. ਸੰਤ ਫਤਹਿ ਸਿੰਘ ਮਾਂਗਾ ਜ਼ਿਲ੍ਹਾ ਲਾਹੌਰ ਦੀਆਂ ਸੰਗਤਾਂ ਲੈ ਕੇ ਆਏ।
22. ਤਪੇ ਦੇ ਇਲਾਕੇ ਵਿਚੋਂ ਬਾਬਾ ਮੋਹਰ ਸਿੰਘ ਸੰਗਤ ਦਾ ਆਗੂ ਸੀ।

ਹੁਣ ਮੈਂ ਹੋਰਨਾਂ ਪੱਖਾਂ, ਜਿਹਨਾਂ ਦੀ ਪ੍ਰਬੰਧ ਵਿਚ ਲੋੜ ਸੀ, ਦਾ ਵੀ ਵਰਣਨ ਕਰਦਾ ਹਾਂ।

**ਜਥਾ ਲਾਂਗਰੀਆਂ ਦੇ ਜਥੇਦਾਰ**

1. ਸੰਤ ਭਾਨ ਸਿੰਘ ਕੁੱਝਰ (ਸ਼ੇਖੂਪੁਰਾ)
2. ਗਿਆਨ ਸਿੰਘ ਜਥੇਦਾਰ ਪਿੰਡ ਵਰਨ (ਸ਼ੇਖੂਪੁਰਾ)

3 . ਸੰਤ ਜਿਊਣ ਸਿੰਘ ਜੀ, ਅੰਮ੍ਰਿਤਸਰ
4. ਸੰਤ ਖ਼ਜ਼ਾਨ ਸਿੰਘ, ਅੰਮ੍ਰਿਤਸਰ
5 . ਲਹਿਣਾ ਸਿੰਘ ਕੱਕੜ

ਇਹ ਉਹ ਲਾਂਗਰੀ ਜਥੇ ਦੇ ਜਥੇਦਾਰ ਸਨ, ਜਿਹੜੇ ਸੱਠ ਹਜ਼ਾਰ ਤੱਕ ਦੀ ਵੀ ਸੰਗਤ ਜੁੜੇ, ਤਾਂ ਲੰਗਰ ਦੀ ਤੋਟ ਨਹੀਂ ਸਨ ਆਉਣ ਦਿੰਦੇ।

**ਰਾਗੀਆਂ ਦੇ ਜੱਥੇ:**

1. ਸਭ ਤੋਂ ਵੱਡਾ ਜੱਥਾ ਭਾਈ ਹਰਨਾਮ ਸਿੰਘ ਚਵਿੰਡਾ (ਅੰਮ੍ਰਿਤਸਰ) ਅਤੇ ਇਹਨਾਂ ਦੇ ਨਾਲ ਦੇ ਮੰਗਲ ਸਿੰਘ ਗਣੇਸ਼ਾ ਸਿੰਘ, ਪਰਤਾਪ ਸਿੰਘ 2. ਭਾਈ ਕਾਲੂ ਕੇ ਰਾਗੀਆਂ ਦਾ ਦੂਜਾ ਜਥਾ ਸੀ
3. ਤੀਸਰਾ ਜੱਥਾ ਸੰਤ ਲਾਲ ਸਿੰਘ ਜੀ ਅਤੇ ਉਨ੍ਹਾਂ ਦਾ ਪੁੱਤਰ ਪਰਤਾਪ ਸਿੰਘ ਤੇ ਨੱਥਾ ਸਿੰਘ
4. ਚੌਥਾ ਜਥਾ ਭਾਈ ਜੈ ਸਿੰਘ ਮੌਲੀ ਅਤੇ ਉਹਨਾਂ ਨਾਲ ਦੇ ਦੁਆਬੇ ਦੇ ਸਾਥੀ 5. ਪੰਜਵਾਂ ਜੱਥਾ ਭਾਈ ਸ਼ੇਰ ਸਿੰਘ ਗੁਜਰਾਂਵਾਲੀਆ
6. ਛੇਵਾਂ ਜਥਾ ਜਿਊਣ ਸਿੰਘ ਰਾਗੀ ਦਰਬਾਰ ਪਟਿਆਲੇ ਮਹਾਰਾਜੇ ਦਾ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਤਾਊਸ ਦਾ ਉਸਤਾਦ, ਇਹਨਾਂ ਨੂੰ ਕੀਰਤਨ ਕਰਦਿਆਂ ਮਸਤਾਨੇ ਹੋਣ ਕਰਕੇ ਮਸਤਾਨ ਸਿੰਘ ਵੀ ਕਿਹਾ ਜਾਂਦਾ ਸੀ।

**ਦੀਵਾਨ ਦੇ ਪ੍ਰਬੰਧਕ:**

1 ਰਣੀਖਾਣਗੇ ਹਰਨਾਮ ਸਿੰਘ ਅਤੇ
2. ਬੁੱਢਾ ਸਿੰਘ ਖਾਨਪੁਰੀਆ

**ਉਸ ਸਮੇਂ ਦੀ ਜੰਞ ਵਿਚ ਸ਼ਾਮਲ ਸੰਤ ਮੰਡਲੀ:**

1. ਮੁਹਾਵੇ ਵਾਲੇ ਸੰਤ ਕੇਸਰ ਕਿੱਲੀ ਜੀ
2. ਸੰਤ ਜਿਊਣ ਸਿੰਘ ਜੀ ਸਰਹਾਲੀ
3 . ਮਿਰਜ਼ੇਵਾਲੀਏ ਜਵਾਹਰ ਸਿੰਘ ਜੀ
4. ਚਵਿੰਡੇ ਵਾਲਾ ਬਾਬਾ ਕੇਸਰ ਸਿੰਘ
5. ਸੰਤ ਜੈਮਲ ਸਿੰਘ ਟਿੱਬਾ ਨੱਕੇ ਦਾ
6. ਸੰਤ ਸਮਾ ਸਿੰਘ, ਤੰਬੋਲੀ ਦੇ ਖੂਹ (ਮਾਂਗਾ)
7. ਸੰਤ ਚਤਰ ਸਿੰਘ ਭਲਵਾਨ ਕੇ

ਇਹ ਉਸ ਸਮੇਂ ਦੇ ਪੂਰਨ ਸਾਧ ਸਨ। ਜੰਞ ਉਤੇ ਆਪਣੀ ਕ੍ਰਿਪਾ ਦੀ ਬਖਸ਼ਿਸ਼ ਕਰ ਰਹੇ ਸਨ।

ਮੋਟਰ ਬੱਘੀਆਂ ਤਾਂਗੇ ਸਭ ਸੁਆਰੀਆਂ ਤਿਆਰ ਹੋ ਗਈਆਂ। ਲਾਂਗਰੀਆਂ ਸਿੰਘਾਂ ਦੇ ਜਥੇਦਾਰ ਨੂੰ ਸਤਿਗੁਰੂ ਜੀ ਨੇ ਪਹਿਲਾਂ ਜਾ ਕੇ ਲੰਗਰ ਦੀ ਤਿਆਰੀ ਕਰਨ ਦਾ ਹੁਕਮ ਦੇ ਦਿਤਾ। ਜਥਿਆਂ ਤੇ ਪੈਦਲ ਸਿੰਘਾਂ ਨੂੰ ਹੁਕਮ ਹੋਇਆ ਕਿ ਤੁਸੀਂ ਕੀਰਤਨ ਕਰਦੇ ਚੱਲੋ। ਰਾਗੀਆਂ ਸਿੰਘਾਂ ਨੂੰ ਮੋਟਰਾਂ ਵਿਚ ਬਹਾਇਆ ਗਿਆ ਅਤੇ ਉਹਨਾਂ ਨੂੰ ਵੀ ਕੀਰਤਨ ਕਰਨ ਦਾ ਹੁਕਮ ਕੀਤਾ।

ਸਤਿਗੁਰੂ ਜੀ ਤਿੰਨ ਭਾਈ ਤੇ ਚੌਥਾ ਦਿਆਲ ਸਿੰਘ ਥਰਾਜੀਆ ਮੋਟਰ ਵਿਚ ਸੁਆਰ ਹੋ ਗਏ। ਕੁਝ ਬਿਰਧਾਂ ਨੂੰ ਵੀ ਤੇ ਜਿਹੜੇ ਸਰੀਰਾਂ ਦਾ ਉਪਰ ਵਰਣਨ ਆਇਆ ਹੈ, ਉਹਨਾਂ ਨੂੰ ਵੀ ਮੋਟਰ ਵਿਚ ਬਹਾਇਆ ਗਿਆ। ਕੋਈ ਦੋ ਮੀਲ ਲੰਮੇ ਫ਼ਾਸਲੇ ਵਿਚ ਸਾਰੀ ਸੰਗਤ ਫੈਲ ਗਈ। ਲੋਕੀਂ ਕਹਿਣ ਕਿ ਇਤਨੀ ਵੱਡੀ ਜੰਞ ਅਜੇ ਤੀਕ ਨਹੀਂ ਸੀ ਵੇਖੀ। ਕੋਈ ਕਹਿੰਦਾ, "ਇਹ ਕਿੱਥੇ ਬਹਿਣਗੇ। ਐਡੀ ਵੱਡੀ ਜੰਞ ਦੇ ਅੰਨ ਜਲ ਦਾ ਪ੍ਰਬੰਧ ਕੀਕੂੰ ਹੋਏਗਾ। ਸਿਆਣੇ ਲੋਕ ਕਹਿੰਦੇ ਸਨ ਇਹ ਤਾਂ ਦੇਵਤਿਆਂ ਦੀ ਜੰਞ ਹੈ ਅਤੇ ਆਪ ਅਕਾਲ ਪੁਰਖ ਦਾ ਇਹਨਾਂ ਵਿਚ ਨਿਵਾਸ ਹੈ। ਲੋਕ ਸਤਿਗੁਰੂ ਜੀ ਅਤੇ ਸ੍ਰ. ਧਿਆਨ ਸਿੰਘ ਹੋਰਾਂ ਦਾ ਜੱਸ ਕਰ ਰਹੇ ਸਨ।

ਸ਼ਾਮ ਛੇ ਵੱਜਦੇ ਨੂੰ ਜੰਞ ਦਾ ਢੁਕਾ ਹੋ ਜਾਂਦਾ ਹੈ। ਸੰਗਤ ਆਪੋ ਆਪਣੇ ਡੇਰਿਆਂ ਨੂੰ ਚਲੀ ਜਾਂਦੀ ਹੈ ਅਤੇ ਸਤਿਗੁਰੂ ਜੀ ਆਪਣੇ ਸਿੰਘਾਸਨ 'ਤੇ ਪਹੁੰਚ ਜਾਂਦੇ ਹਨ। ਸਭ ਜਲ ਪਾਣੀ ਛਕ ਲੈਂਦੇ ਹਨ। ਜਿਸ ਪੰਡਾਲ ਵਿਚ ਸਵੇਰੇ ਅਨੰਦ ਕਾਰਜ ਹੋਣਾ ਹੈ,

ਉਸ ਜਗ੍ਹਾ ਰਾਗੀਆਂ ਸਿੰਘਾਂ ਦੇ ਦੀਵਾਨ ਦੇ ਭੋਗ ਉਪਰੰਤ ਸਭ ਸੰਗਤਾਂ ਨੇ ਪ੍ਰਸ਼ਾਦ ਪਾਣੀ ਛਕਿਆ। ਸਾਰੀ ਸੰਗਤ ਰਾਤ ਨੂੰ ਬਿਰਾਜਮਾਨ ਹੋ ਗਈ। ਤੜਕੇ ਆਸਾ ਦੀ ਵਾਰ ਲਗ ਗਈ। ਦਿਨ ਚੜ੍ਹੇ ਅਨੰਦ ਕਾਰਜ ਹੋਣਾ ਸ਼ੁਰੂ ਹੋ ਗਿਆ ਹੈ। ਉਸ ਵੇਲੇ ਦੀ ਮਹਿਮਾਂ ਅਤੇ ਸੋਭਾ ਮੈਂ ਕਹਿ ਨਹੀਂ ਸਕਦਾ। ਵੇਖਿਆਂ ਹੀ ਬਣਦੀ ਸੀ। ਸਭ ਪਾਸੇ ਧੰਨ ਧੰਨ ਹੋ ਗਈ। ਹਿੰਦੂ ਮੁਸਲਮਾਨ ਸਭ ਕਹਿ ਰਹੇ ਸਨ ਕਿ ਇਹ ਨਵਾਂ ਹੀ ਅਨੰਦ ਕਾਰਜ ਅਸਾਂ ਵੇਖਿਆ ਹੈ। ਹਵਨ ਕਰਕੇ, ਅੰਮ੍ਰਿਤ ਤਿਆਰ ਕਰਕੇ, ਆਸਣ ਵਿਛਾ ਕੇ, ਮਹਾਰਾਜ ਨਿਹਾਲ ਸਿੰਘ ਅਤੇ ਧਿਆਨ ਸਿੰਘ ਹੋਰਾਂ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਦੋਹਾਂ ਨੂੰ ਬਿਠਾ ਕੇ ਬਾਬੇ ਵੀਰ ਸਿੰਘ ਭੋਮੇ ਵਡਾਲੀਏ ਨੇ ਅੰਮ੍ਰਿਤ ਛਕਾਇਆ। ਗੰਢ-ਚਤੁਰਾਵਾ ਕਰਕੇ ਜੋੜੀ ਨੂੰ ਵੇਦੀ ਥੱਲੇ ਖੜ੍ਹੇ ਕਰ ਦਿਤਾ। ਕੁੱਲ ਸੰਗਤ ਬੀਬੀ ਮਾਈ ਭਾਈ ਜੋ ਵੀ ਜਿਧਰ ਵੇਖਦਾ ਹੈ, ਓਧਰ ਦੀ ਮਹਿਮਾ ਕਹੀ ਨਹੀਂ ਜਾਂਦੀ। ਧਿਆਨ ਸਿੰਘ ਤਾਂ ਜਾਮੇ ਵਿਚ ਨਹੀਂ ਸਮਾਉਂਦਾ, ਕਹਿੰਦਾ ਹੈ ਕਿ ਮੇਰੇ ਧੰਨ ਭਾਗ ਹਨ ਜੋ ਗੁਰੂ ਹਰੀ ਸਿੰਘ ਦਾ ਸਪੁੱਤਰ ਮੇਰੇ ਘਰ ਢੁੱਕਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਗੁਰ-ਮਰਿਆਦਾ ਅਨੁਸਾਰ, ਗੁਰੂ ਪਰਿਵਾਰ ਵਿਚ ਹੋਣ ਵਾਲਾ ਇਹ ਪਹਿਲਾ ਅਨੰਦ ਕਾਰਜ ਹੋਇਆ। ਭੋਗ ਪਾਠਾਂ ਦਾ ਵੀ ਪਾਇਆ ਗਿਆ। ਫਿਰ ਮੰਗਲਾਚਾਰ ਪੜ੍ਹਿਆ ਗਿਆ। ਅਰਦਾਸ ਹੋ ਗਈ। ਸੰਗਤਾਂ 'ਧੰਨ ਗੁਰੂ ਰਾਮ ਸਿੰਘ, ਧੰਨ ਗੁਰੂ ਰਾਮ ਸਿੰਘ ਕਰਦੀਆਂ ਆਪੋ ਆਪਣੇ ਡੇਰਿਆਂ ਨੂੰ ਚਲੀਆਂ ਗਈਆਂ। ਪ੍ਰਸ਼ਾਦ ਪਾਣੀ ਛਕਦਿਆਂ ਕਰਦਿਆਂ ਨੂੰ ਦਿਨ ਦੇ ਤਿੰਨ ਕੁ ਵਜ ਗਏ। ਪੰਜ ਵਜੇ ਨੂੰ ਤਿਆਰੀ ਕਰਕੇ ਸਤਿਗੁਰੂ ਜੀ ਸੰਗਤਾਂ ਸਮੇਤ, ਛੇ ਵਜੇ ਸ਼ਾਮ ਦੇ ਲਾਹੌਰ ਦੇ ਰੇਲਵੇ ਸਟੇਸ਼ਨ 'ਤੇ ਪੁੱਜ ਜਾਂਦੇ ਹਨ। ਹੋਰ ਸੰਗਤਾਂ ਆਪੋ ਆਪਣੇ ਇਲਾਕਿਆਂ ਨੂੰ ਪਰਤ ਗਈਆਂ। ਜਿਹੜੀਆਂ ਭੈਣੀ ਸਾਹਿਬਾਂ ਆਈਆਂ ਸਨ ਉਹ ਸਤਿਗੁਰੂ ਜੀ ਨਾਲ ਲੁਧਿਆਣੇ ਜਾ ਉਤਰਦੀਆਂ ਹਨ ਅਤੇ ਅੱਗੋਂ ਫਿਰ ਬੱਘੀਆਂ ਤਾਂਗਿਆਂ ਆਦਿ ਦੁਆਰਾ ਦਿਨ ਚੜ੍ਹਦੇ ਨੂੰ ਗੁਰਦੁਆਰੇ ਸ੍ਰੀ ਭੈਣੀ ਸਾਹਿਬ ਪੁੱਜ ਗਈਆਂ। ਮਾਤਾ ਜਿਊਣ ਕੌਰ ਤੇ ਮਾਤਾ ਫਤੇਹ ਕੌਰ ਨੂੰ ਵਧਾਈਆਂ ਮਿਲਣ ਲੱਗ ਪਈਆਂ। ਮਾਤਾ ਜੀ ਨੇ ਸਭ ਨੂੰ ਪ੍ਰਸ਼ਾਦ ਪਾਣੀ ਛਕਾ ਕੇ ਨਗਰ ਵਾਸੀਆਂ ਅਤੇ ਲਾਂਭ ਦੇ ਨਗਰਾਂ ਦੇ ਗ਼ਰੀਬ ਗੁਰਬਿਆਂ ਨੂੰ ਜੋ ਖ਼ੁਸ਼ੀ ਦੇ ਮੌਕੇ ਆਏ ਸਨ, ਯਥਾਸ਼ਕਤ ਦਾਨ ਦਿਤਾ। ਹੁਣ ਇਸ ਤੋਂ ਬਾਦ ਛੇਤੀ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੰਦ ਕਾਰਜ ਦੀ ਤਿਆਰੀ ਹੋ ਜਾਂਦੀ ਹੈ। ਮਹਾਰਾਜ ਜੀ ਦਾ ਅਨੰਦ ਅੱਸੂ ਵਿਚ ਅਤੇ ਸਤਿਗੁਰੂ ਜੀ ਦਾ ਪੋਹ ਵਿਚ ਹੋਇਆ ਸੀ। ਮਸਾਂ ਤਿੰਨਾਂ ਕੁ ਮਹੀਨਿਆਂ ਦੀ ਵਿੱਥ ਪਈ ਸੀ।


**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨੰਦ ਕਾਰਜ ਪੋਹ 1971 ਬਿਕ੍ਰਮੀ:**

ਇਸ ਅਨੰਦ ਤੇ ਨਾ ਹੀ ਮੇਰਾ ਪਿਤਾ ਜਾ ਸਕਿਆ ਸੀ ਅਤੇ ਨਾ ਹੀ ਮੈਂ ਪੁੱਜਿਆ ਸਾਂ। ਮੈਂ ਇਹ ਸਾਰੀ ਵਾਰਤਾ ਮੈਂ ਬਾਬਾ ਵੀਰ ਸਿੰਘ ਭੋਮੇ ਵਡਾਲੀਏ, ਹਰਨਾਮ ਸਿੰਘ ਨਥਾਣੀਏ, ਅੰਬੋ ਜੀ (ਸ੍ਰੀ ਸਤਿਗੁਰੂ ਜੀ ਦੀ ਸੱਸ) ਪਾਸੋਂ ਸੁਣੀ ਸੀ। ਕੋਈ ਕੋਈ ਬਚਨ ਸਤਿਗੁਰੂ ਜੀ ਦੀ ਰਸਨਾ ਤੋਂ ਵੀ ਸੁਣਿਆ ਅਤੇ ਕੋਈ ਬਚਨ ਸੂਬਾ ਮੀਹਾਂ ਸਿੰਘ (ਮਾਤਾ ਭੁਪਿੰਦਰ ਕੌਰ ਦੇ ਭਰਾਤਾ) ਹੋਰਾਂ ਤੋਂ ਵੀ ਸੁਣਿਆ। ਸ੍ਰੀ ਰਾਮ ਚੰਦਰ ਜੀ ਦੇ ਸੀਤਾ ਦਾ ਸੁਅੰਬਰ ਜਿੱਤਣ ਵਾਂਗ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੰਦ ਕਾਰਜ ਦੀ ਕਥਾ ਹੈ।

ਸਤਿਗੁਰੂ ਜੀ ਦੇ ਹੋਣ ਵਾਲੇ ਮਹਿਲ ਬੇਬੇ ਭੁਪਿੰਦਰ ਕੌਰ ਜੀ ਦੇ ਪਿਤਾ ਜੀ ਸ੍ਰ. ਸੁੰਦਰ ਸਿੰਘ 'ਸੋਹੂ ਗੋਤ ਦੇ ਜੱਟ ਸਨ। ਤਾਇਆ ਸ. ਸੱਦਾ ਸਿੰਘ ਸੀ। ਪਿੰਡ ਦਾ ਪਹਿਲਾ ਨਾਂ ਗੱਲੋਂ ਡੋਬ ਸੀ ਪਰ ਗੁਰੂ ਹਰੀ ਸਿੰਘ ਹੋਰਾਂ ਗੁਰੂ ਸਰ ਰੱਖਿਆ ਸੀ। ਇਹ ਦੋਵੇਂ ਭਰਾ ਮਲੋਟ-ਮੁਕਤਸਰ ਦੇ ਇਸ ਇਲਾਕੇ ਵਿਚ ਬਹੁਤ ਮਸ਼ਹੂਰ ਸਨ। ਇਲਾਕੇ ਦੇ ਜੱਟ ਸਿੱਖ ਅਤੇ ਬਾਗੜੀ ਲੋਕ ਵੀ ਆਪਣੇ ਕੰਮਾਂ ਦੇ ਸਲਾਹ ਮਸ਼ਵਰੇ ਲਈ ਇਹਨਾਂ ਨੂੰ ਸੱਦਦੇ ਸਨ। ਆਸੇ ਪਾਸੇ ਅਤੇ ਰਿਆਸਤ ਬਹਾਵਲਪੁਰ ਦੀ ਮੁਸਲਮਾਨ ਵੱਸੋਂ ਨਾਲ ਵੀ ਇਹਨਾਂ ਦੇ ਚੰਗੇ ਸੰਬੰਧ ਸਨ। ਸਰਕਾਰੇ ਦਰਬਾਰੇ ਵੀ ਦੋਹਾਂ ਭਾਈਆਂ ਦਾ ਚੰਗਾ ਰੋਅਬ ਸੀ। ਨਾਮਧਾਰੀ ਪੰਥ ਵਿਚ ਵੀ ਮੰਨੇ ਪ੍ਰਮੰਨੇ ਸਨ। ਸੁੱਚ ਸੋਧ ਵੀ ਇਹਨਾਂ ਦੀ ਇਤਨੀ ਸੀ ਕਿ ਚਾਰ ਕੋਹ ਤੇ ਮਿੱਠੇ ਪਾਣੀ ਦਾ ਖੂਹ ਸੀ। ਦਿਨੇ ਤਾਂ ਸਾਰਾ ਦਿਨ ਬੋਕਾ ਚੱਲਦਾ ਸੀ ਉਸ ਵਿਚ ਙ ਰਾਤ ਨੂੰ ਜਾ ਕੇ ਨਾਲ ਗੱਡਾ ਲੈ ਜਾਣਾ। ਗੱਡੇ ਤੇ ਐਸੀ ਜਗ੍ਹਾ ਬਣਾਈ ਸੀ ਜਿਸ ਵਿਚ ਸੱਠ ਘੜੇ ਟਿਕ ਜਾਂਦੇ ਸਨ। ਸੱਠ ਘੜੇ ਜਲ ਦੇ ਭਰ ਕੇ ਗੱਡੇ 'ਤੇ ਲੱਦ ਕੇ ਤੜਕੇ ਆਪਣੇ ਪਿੰਡ ਗੁਰੂ ਸਰ ਆ ਜਾਣਾ। ਉਹ ਸਿੱਖ ਅੱਜ ਕੱਲ੍ਹ ਦੇ ਸਿੱਖਾਂ ਵਰਗੇ ਸਿੱਖ ਨਹੀਂ ਸਨ। ਉਹਨਾਂ ਤੇ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਦੀ ਅਪਾਰ ਕ੍ਰਿਪਾ ਸੀ। ਕਿਉਂਕਿ ਮੁਕਤਸਰ ਦੇ ਇਲਾਕੇ ਦੇ ਇਹਨਾਂ ਸਿੱਖਾਂ ਨੂੰ, ਸਤਿਗੁਰੂ ਰਾਮ ਸਿੰਘ ਜੀ ਨੇ ਭੂਰੇ ਦੀ ਸੋਧ ਰੱਖਣ ਲਈ ਹੁਕਮ ਕੀਤਾ ਸੀ। ਉਦੋਂ ਕੋਈ ਰੇਸ਼ਮ ਨਹੀਂ ਸੀ ਹੁੰਦਾ। ਖੱਦਰ ਦੇ ਲੀੜੇ ਅਤੇ ਉਤੇ ਕਾਲੇ ਚਿੱਟੇ ਰੰਗਾਂ ਦੇ ਭੂਰੇ ਰੱਖਣੇ। ਸਿਖੀ ਨਿਬਾਹੁਣੀ ਬੜੀ ਔਖੀ ਹੈ।

**ਚਲਦਾ.....**

# A Child Needs No Instruction Manual



**Sadhguru Jaggi Vasudev**
**Isha foundation**

***Q:*** *Somebody said that when a baby is born, it does not come with an instruction manual. If, hypothetically, one had to write a manual of how a human being should be, from birth to death, what would such a thing be?*

Sadhguru: Empty book would be great. Now you are trying to turn everything into machinery. There are other dimensions to a human being than just "operating" him in some way that you think is useful.

A human being need not be useful to anybody. It is just that the bullocks which are yoked to a cart look at the wild deer romping about in the forest and think, "Oh, how they are wasting their lives, not useful to anybody. No good." But there is joy in the deer. You are yoked, and there is no joy in you.

If you become a joyless human being by just trying to be useful, then all the purposes of life are defeated. What you are doing will not mean anything. Socially, maybe they will give you an award for the miserable face that you carried and the things that you did in the world, but in life it does not mean anything.

**Drop the Instruction Manuals**

Stop looking at life through someone else's intelligence. Learn to look at your life with more intelligence. Everyone has the necessary intelligence to look at their life sensibly if other influences are taken away. The problem is, you are too influenced by past and present heroes. In the end, your mentality is just that of a fan club.

Fan club is a very rudimentary mentality. Any normal child has come as a complete being. You can only nurture the child to his or her full potential. You cannot make something else out of them. If your ideal tree is a coconut tree, and a mango tree sprouts in your garden, what would you do? Because it does not look like a coconut tree, you will chop off all the branches and just leave one. That would be a very poor mango tree.

The only thing you can do is nurture the child to its fullest intelligence, physical well-being and emotional well-being. This will happen only when you just nurture it, not tamper with it.

**Continued on page No.38**

# Why do almost all Billionaires wake up early? The answer is Circadian Rhythms!



**Harneet Singh Kharbanda**

Early to bed and early to rise is really important and one of the main reasons for it is - Circadian Rhythms. Circadian rhythms are physical, mental, and behavioural changes that follow a 24-hour cycle. They are the natural processes and they respond to light and dark and they affect most animals, plants, and even microbes.

We all have **Bio clocks** which are our natural timing devices, regulating the timing of circadian rhythms. Nearly every tissue and organ contain a bio clock. And then we have a **Master Clock**. It is like the control centre of all the bio clocks of the body. A master clock is a group of about 20,000 nerve cells (neurons) that form a structure called the suprachiasmatic nucleus, or SCN.

Ok, I know we are getting a bit technical here, but hear me out. I am sure you will not look at your daily routine in the same manner after this and will surely do something about it (for the good!) If we don't take care of our routine and sleep cycle, we can suffer from a lot of chronic diseases like -

Cardiovascular dysfunction

- Asthma
- Hypertension
- Depression
- Immune dysregulation
- Reproductive problems

And we might end up trying to cure the disease's symptoms without knowing its main root cause, which could be a disturbed circadian rhythm.

According to the sunlight and darkness, our body produces hormones in our bodies which perform vital and specific functions in our day-to-day life.

During the night, around 10 p.m., our body produces **Melatonin**, which is a hormone responsible for making us sleep. If we are exposed to light beyond this time, it can block the production of melatonin. (One more reason why we should not use our phones right before going to sleep)

If we don't sleep at this time, we will feel sluggish and cranky the next day because as soon as the sun rises our body slows down the production of Melatonin and starts producing **Cortisol** (which is a stress hormone, essential

to wake us up to do our daily duties with alertness)

So, the problem with our routines is that we spend 90% of our time indoors these days which disrupts the production of these chemicals as and when they should. Bright screens and bright lights at night reduce the production of the sleep hormone melatonin, resulting in poor sleep quality as it signals to the brain that it's not nighttime yet.

The next day when we wake up and continue to stay indoors, our body doesn't get the proper signal to slow down the production of melatonin and increase the production of cortisol and it reduces our alertness and leads to brain fog.

If it continues for days and weeks, it leads to all sorts of problems like Depression, ADHD, Migraine, Anxiety, etc.

Imagine going through life "half asleep"

How can we be productive like this??

How can we achieve our goals like this??

How can we achieve peak performance??

How can we set goals and fulfil them like this??

**Some simple things that I am doing that help me to wake up early -**

· I stop using electronic devices (laptops, mobile, iPad, Tv) after 8 pm

· I have a very light and early dinner (usually before sunset)

## A Child Needs No Instruction Manual

**Creating a Conducive Atmosphere**

Children have come through you, they do not come from you. Do not ever think they are yours. It is a privilege they have happened through you. Your business is just to provide them a loving and supportive atmosphere.

Do not try to impose your thoughts and emotions, your philosophies, your belief systems and nonsense upon the child. He has enough of his own intelligence to find his way. If you create the necessary conducive atmosphere for his intelligence to grow fully, he will handle it the way he knows.

"Will everything go right?" It may go right, it may go wrong – that is not the point. But the chances of it going wrong are minimal. When the child grows up exercising his own intelligence, if he makes one mistake, he has the intelligence to correct it.

As long as they are working towards their wellbeing and they are not doing something negative against their own life, you must wait. For the entire time until the child becomes twenty-one, you must feel like you are still pregnant. Just wait.

When the child was inside, you did nothing, right? Just nourished yourself well and waited. Just like that – provide the atmosphere and wait.

......................................................

# ਕਾਵਿ-ਕਿਆਰੀ

## ਗੀਤ

ਹੱਸ ਹੱਸ ਉਹਨਾ ਲਾੜੀ ਮੌਤ ਨੂੰ ਮਖੌਲ ਕੀਤੇ,
ਛਾਤੀਆਂ ਦੇ ਉੱਤੇ ਗੋਲੇ ਖਾ।
ਕੋਟਲੇ ਚ ਕੀਤੀ ਕੁਰਬਾਨੀ ਜਿਹੜੀ ਕੂਕਿਆਂ ਨੇ,
ਕੌਣ ਉਹਨੂੰ ਸੱਕਦੈ ਭੁਲਾ।

ਰਸਨਾ ਤੇ ਨਾਮ ਅਤੇ ਮੱਥੇ ਤੇ ਆਜ਼ਾਦੀ ਲਿਖ,
ਭੱਜ ਭੱਜ ਤੋਪਾਂ ਸਾਹਵੇਂ ਆਂਵਦੇ।
ਗਊ ਤੇ ਗਰੀਬ ਗਲੋਂ ਛੁਰੀ ਨੂੰ ਲਹੌਣ ਲਈ,
ਖੁਦ ਲਾੜੀ ਮੌਤ ਪਰਨਾਵੰਦੇ।
ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਮੁੱਖ ਤੋਂ ਉਹ,
ਤੋਪਾਂ ਵੱਲ ਪੈਂਦੇ ਉਠ ਧਾ।
ਕੋਟਲੇ ਚ ਦਿੱਤੀ ਕੁਰਬਾਨੀ ਜਿਹੜੀ ਕੂਕਿਆਂ ਨੇ,
ਕੌਣ ਉਹਨੂੰ ਸੱਕਦੈ ਭੁਲਾ।

ਕੋਈ ਜੋੜ ਢੀਮਾਂ ਹੋਇਆ ਤੋਪ ਦਾ ਸੀ ਹਾਣੀ,
ਆਖੇ ਮਾਫੀ ਤੇਰੀ ਆਵੇ ਸਾਨੂੰ ਰਾਸ ਨਾ।
ਮਰਨਾ ਚੰਗੇਰਾ ਇਸ ਜੀਵਨ ਗੁਲਾਮੀ ਨਾਲੋਂ,
ਰਹਿਣਾ ਬਣ ਬਿੱਲੇ ਤੇਰਾ ਦਾਸ ਨਾ।
ਤੇਰੇ ਸਾਮਰਾਜ ਦੇ ਕਫ਼ਨ ਵਿੱਚ ਕਿੱਲ ਠੋਕ,
ਜੰਮ ਕੇ ਦੁਬਾਰਾ ਜਾਈਏ ਆ।
ਕੋਟਲੇ ਚ ਦਿੱਤੀ ਕੁਰਬਾਨੀ ਜਿਹੜੀ ਕੂਕਿਆਂ ਨੇ,
ਕੌਣ ਉਹਨੂੰ ਸੱਕਦੈ ਭੁਲਾ।

ਬੱਚਾ ਬਾਰਾਂ ਸਾਲ ਦਾ ਅਣਖ ਦਿਆਂ ਪੇਪਰਾਂ ਚੋਂ,
ਪੂਰੇ ਨੰਬਰਾਂ ਚ ਪਾਸ ਆ ਗਿਆ।
ਦਾੜ੍ਹੀ ਫੜ ਹਾਕਮ ਦੀ ਝੂਟਿਆ ਉਹ ਏਦਾਂ,
ਹੋਸ਼ ਜਾਲਮਾਂ ਦੇ ਵੇਖਿਆ ਉਡਾ ਗਿਆ।
ਹੱਥ ਪਿੱਛੋਂ ਛੱਡੇ ਪਹਿਲਾਂ ਸਿਰ ਦਿੱਤਾ ਸੂਰਮੇ ਨੇ,
ਜੜ੍ਹ ਦਿੱਤੀ ਪਾਪੀ ਦੀ ਹਿਲਾ।
ਕੋਟਲੇ ਚ ਦਿੱਤੀ ਕੁਰਬਾਨੀ ਜਿਹੜੀ ਕੂਕਿਆਂ ਨੇ,
ਕੌਣ ਉਹਨੂੰ ਸੱਕਦੈ ਭੁਲਾ।

ਭੈਣੀ ਵਿੱਚੋਂ ਬਲ਼ੀ ਜੋ ਮਿਸ਼ਾਲ ਕੁਰਬਾਨੀਆਂ ਦੀ,
ਨੇੜ੍ਹੇ ਉਹ ਗੁਲਾਮੀਆਂ ਦੇ ਚੀਰ ਗਈ।
ਕੀਤੀ ਤਦਬੀਰ ਭੈਣੀ ਵਾਲੇ ਨੇ ਵਤਨ ਲਈ,
ਦੇਸ਼ ਦੀ ਬਦਲ ਤਕਦੀਰ ਗਈ।
ਬਾਜਵਾ ਜਾ ਉਹਨਾ ਵਾਲੇ ਪਾਕ ਧਾਮ ਵਾਲੀ ਮਿੱਟੀ,
ਚੁੱਕ ਲਈਏ ਮੱਥੇ ਉੱਤੇ ਲਾ।
ਕੋਟਲੇ ਚ ਦਿੱਤੀ ਕੁਰਬਾਨੀ ਜਿਹੜੀ ਕੂਕਿਆਂ ਨੇ,
ਕੌਣ ਉਹਨੂੰ ਸੱਕਦੈ ਭੁਲਾ।

.......................................................

## ਗੀਤ

ਜਿੰਦ ਅਸੀਂ ਹੈ ਲਵਾਈ ਤੇਰੇ ਨਾਂ ਦਾਤਿਆ।
ਦੇ ਦੇ ਚਰਨਾ ਚ ਥੋੜ੍ਹੀ ਜਿਹੀ ਥਾਂ ਦਾਤਿਆ।

ਰੱਖੀਂ ਮਿਹਰਾਂ ਵਾਲਾ ਹੱਥ ਮੇਰੇ ਸਿਰ ਉੱਤੇ ਦਾਤਾ।
ਤੇਰਾ ਸਾਡਾ ਦਾਤਾ ਪੰਛੀ ਤੇ ਬ੍ਰਿਛ ਜਿਹਾ ਨਾਤਾ।
ਤੇਰੀ ਸੰਘਣੀ ਸੁਰਗ ਜਿਹੀ ਛਾਂ ਦਾਤਿਆ।
ਦੇ ਦੇ ਚਰਨਾ 'ਚ ਥੋੜ੍ਹੀ ਜਿਹੀ ਥਾਂ ਦਾਤਿਆ।

ਮੈਂ ਹਾਂ ਮਛਲੀ ਤੂੰ ਨੀਰ, ਤੂੰ ਏਂ ਚੰਦ ਮੈਂ ਚਕੋਰ।
ਤੇਰੇ ਵਰਗਾ ਨਾ ਡਿੱਠਾ ਅਸੀਂ ਦੁਨੀਆਂ ਤੇ ਹੋਰ।
ਤੂੰ ਹੀ ਮੀਤ ਬੰਧੂ ਪਿਤਾ ਅਤੇ ਮਾਂ ਦਾਤਿਆ।
ਦੇ ਦੇ ਚਰਨਾ 'ਚ ਥੋੜ੍ਹੀ ਜਿਹੀ ਥਾਂ ਦਾਤਿਆ।

ਤੂੰ ਏਂ ਮੱਕਾ ਤੂੰ ਹੈਂ ਕਾਂਸ਼ੀ, ਤੂੰ ਹੀ ਗਯਾ ਤੂੰ ਹੀ ਗੰਗਾ।
ਲੱਗੇ ਤੀਰਥ ਨਾ ਤੇਰੇ ਬਾਝੋਂ, ਹੋਰ ਕੋਈ ਚੰਗਾ।
ਤੂੰ ਹੀ ਵਗਦਾ ਪਿਆਰ ਦਾ ਝਨਾਂ ਦਾਤਿਆ।
ਦੇ ਦੇ ਚਰਨਾ 'ਚ ਥੋੜ੍ਹੀ ਜਿਹੀ ਥਾਂ ਦਾਤਿਆ।

ਤੂੰ ਹੀ ਰਾਮ ਤੂੰ ਹੀ ਸ਼ਾਮ, ਤੈਥੋਂ ਜਾਵਾਂ ਬਲਿਹਾਰੇ।
ਤੂੰ ਹੀ ਸਾਡਾ ਸਰਮੌਰ ਗੁਰੂ ਉਦੇ ਸਿੰਘ ਪਿਆਰੇ।
ਤੇਰੇ ਨੈਣਾਂ 'ਚੋਂ ਦਿਸਣ ਦੋ ਜਹਾਂ ਦਾਤਿਆ।
ਦੇ ਦੇ ਚਰਨਾ 'ਚ ਬਾਜਵੇ ਨੂੰ ਥਾਂ ਦਾਤਿਆ।

**ਲਖਵਿੰਦਰ ਸਿੰਘ ਬਾਜਵਾ, 9416734506**

# ਖ਼ਬਰਨਾਮਾ

## ਦਿੱਲੀ ਦੌਰਾ 19-20 ਜੂਨ 2024

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ 18 ਜੂਨ, ਰਾਤ ਨੂੰ ਦਿੱਲੀ ਵਿਖੇ ਦਰਸ਼ਨ ਦਿੱਤੇ। 19 ਜੂਨ, ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਹੋਇਆ। ਗਾਇਣ ਤੇ ਰਾਗੀ ਸਤਨਾਮ ਸਿੰਘ ਦਸੂਹਾ, ਸੰਤਾ ਸਿੰਘ ਛਿਹਾਟਾ, ਸਾਜਨ ਸਿੰਘ ਦਿੱਲੀ, ਬਸੰਤ ਸਿੰਘ ਦਿੱਲੀ ਤੇ ਤਬਲੇ ਤੇ ਹਰਨਾਮ ਸਿੰਘ ਸ੍ਰੀ ਭੈਣੀ ਸਾਹਿਬ, ਬਸੰਤ ਸਿੰਘ ਦਿੱਲੀ ਨੇ ਸਾਥ ਦਿੱਤਾ। ਨਰੋਤਮ ਸਿੰਘ ਦਿੱਲੀ ਤੇ ਅੱਤਰ ਸਿੰਘ ਦਿੱਲੀ ਦੁਆਰਾ ਵਜਾਈ ਜਾ ਰਹੀ ਤਾਰ ਸ਼ਹਿਨਾਈ ਕੀਰਤਨ ਨੂੰ ਹੋਰ ਵੀ ਅਨੰਦ ਭਰਪੂਰ ਕਰ ਰਹੀ ਸੀ।

ਦਿੱਲੀ ਵਿੱਚ ਗਰਮੀ ਬਹੁਤ ਜਿਆਦਾ ਹੋਣ ਕਰਕੇ ਸ਼ਾਮ ਦਾ ਪ੍ਰੋਗਰਾਮ ਦੇਰ ਨਾਲ ਰਖਿਆ ਗਿਆ। ਸਤਿਗੁਰੂ ਜੀ ਨੇ 6:30 ਵਜੇ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਦਰਸ਼ਨ ਦਿੱਤੇ। ਇਕ ਘੰਟਾ ਨਾਮ ਸਿਮਰਨ ਕੀਤਾ ਗਿਆ। ਪਿਛਲੀ ਦਿਨੀਂ ਚੜਾਈ ਕੀਤੇ ਮਾਤਾ ਸੁਖਜੀਤ ਕੌਰ, ਮਾਤਾ ਜਸਵੰਤ ਕੌਰ, ਰਤਨਜੀਤ ਕੌਰ, ਸੰਤ ਬਲਦੇਵ ਸਿੰਘ ਤੇ ਨੌਜਵਾਨ ਸੁਰਿੰਦਰ ਨਮਿਤ ਪਾਠਾਂ ਦੇ ਭੋਗ ਪਾਏ ਗਏ। ਸਮਾਪਤੀ ਦੀ ਅਰਦਾਸ ਸੇਵਕ ਆਸਾ ਸਿੰਘ ਜੀ ਨੇ ਕੀਤੀ। ਆਈ ਹੋਈ ਸਾਧ ਸੰਗਤ ਨੂੰ ਲੰਗਰ ਛਕਾਇਆ ਗਿਆ।

20 ਜੂਨ ਨੂੰ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਸੰਤ ਗੜ੍ਹ (ਸਾਹਿਬ ਪੁਰਾ) ਵਿਖੇ ਹੋਇਆ। ਆਸਾ ਦੀ ਵਾਰ ਤੋ ਬਾਅਦ, ਸ੍ਰੀ ਸਤਿਗੁਰੂ ਜੀ ਨੇ, ਲਗਭਗ 3 ਦਸ਼ਕ ਤੋਂ ਇਸੀ ਧਰਮਸ਼ਾਲਾ ਦੀ ਪ੍ਰਬੰਧਕੀ ਦੀ ਸੇਵਾ ਨਿਭਾਉਣ ਵਾਲੇ ਸੰਤ ਵੱਸਣ ਸਿੰਘ ਜੀ, ਸੰਤ ਗੁਰਚਰਨ ਸਿੰਘ ਜੀ ਅਤੇ ਸੰਤ ਗੁਰਦੀਪ ਸਿੰਘ ਜੀ ਨੂੰ ਸਿਰੋਪਾਓ ਬਖਸ਼ ਕੇ ਨਿਵਾਜਿਆ। ਜਥੇਦਾਰ ਨਿਸ਼ਾਨ ਸਿੰਘ ਨੇ ਸਾਧ ਸੰਗਤ ਨੂੰ ਸੰਬੋਧਨ ਕਰਦਿਆਂ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਕਿ ਅੱਜ ਤੋਂ ਇਸ ਧਰਮਸ਼ਾਲਾ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਦੀ ਸੇਵਾ ਲਈ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਹੈ। ਕਮੇਟੀ ਵਿੱਚ 12 ਮੈਂਬਰ ਹਨ ਜਿੰਨਾ ਨੂੰ ਚਾਰ ਵਖਰੇ ਵਖਰੇ ਡੀਪਾਰਟਮੈਂਟ ਵਿਚ ਵੰਡਿਆ ਗਿਆ ਹੈ। ਨਵੀਂ ਕਮੇਟੀ ਇਸ ਪ੍ਰਕਾਰ ਹੈ-

**Namdhari Dharamshala Sant Garh (Sahib Pura)**

Finance Department
Head - Amarjit Singh S/O Mohinder Singh
Member- Kartar Singh Aneja S/O Gurmukh Singh Aneja
Member - Jatinder Singh S/O Hari Singh

**Gurdwara Maintenance**
Head- Paramjot Singh S/O Shamsher Bahadur Singh
Member - Iqbal Singh Kalsi S/O Amrik Singh
Member - Gursevak Singh S/O Rattan Singh

**Gurdwara Varni**
Head - Balwinder Singh S/O Kirpal Singh
Member - Gurjeet Singh S/O Jathedar Dharam Singh
Member - Gurmukh Singh S/O Surjeet Singh

**Gurdwara Programs And Langar**
Head - Tarsem Singh S/O Khajan Singh
Member- Sukhvinder Singh S/O Kashmira Singh
Member - Gurvinder singh S/O Surinder Singh

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਸ ਕਮੇਟੀ ਦੁਆਰਾ ਕੀਤੇ ਜਾਣ ਵਾਲੇ ਕਾਰਜਾਂ ਚ ਨਾਮਧਾਰੀ ਵਿਦਿਅਕ ਜੱਥਾ ਵੀ ਸਾਥ ਦਏਗਾ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਉਪਦੇਸ਼ ਦਿੱਤਾ "ਸਾਧ ਸੰਗਤ ਜੀ ਤਬਦੀਲੀ ਲਾਜ਼ਮੀ ਹੁੰਦੀ ਹੈ। ਬੜਾ ਲੰਮਾ ਸਮਾਂ ਸੰਤ ਵੱਸਣ ਸਿੰਘ , ਗੁਰਚਰਨ ਸਿੰਘ ਤੇ ਗੁਰਦੀਪ ਸਿੰਘ ਜੀ ਨੇ ਇਸ ਧਰਮਸ਼ਾਲਾ ਸੇਵਾ ਕੀਤੀ ਹੈ। ਬੜੇ ਔਖੇ ਸਮੇਂ ਚ ਸੇਵਾ ਕੀਤੀ ਹੈ। ਝਗੜੇ ਵੀ ਹੋਏ, ਕੋਰਟ ਕੇਸ ਵੀ ਬਣੇ, ਪਰ ਇਹ ਸਜਣ ਡੱਟ ਕੇ ਸੱਚ ਦੇ ਨਾਲ, ਧਰਮ

ਦੇ ਪੱਖ ਚ ਖੜੇ ਹੋਏ। ਨਵੀਂ ਕਮੇਟੀ ਬਣਾਈ ਗਈ ਹੈ। ਗੁਰਦਵਾਰੇ ਬਹੁਤ ਸਾਰੇ ਕਾਰਜ ਕਰਨ ਵਾਲੇ ਹਨ। ਤੁਸੀਂ ਤਗੜੇ ਹੋਕੇ ਕੰਮ ਕਰੋ। ਵੈਸੇ ਤਾਂ ਸਾਧ ਸੰਗਤ ਕੋਈ ਕਮੀ ਨਹੀਂ ਛੱਡਦੀ ਤੇ ਕਮੀ ਆਉਣੀ ਵੀ ਕੋਈ ਨਹੀਂ। ਪਰ ਫਿਰ ਵੀ ਤੁਹਾਨੂੰ ਜਦੋਂ ਕਿਤੇ ਕੋਈ ਲੋੜ ਜਾਪੇ ਤੁਸੀ ਨਿਸ਼ਾਨ ਸਿੰਘ ਜਾਂ ਆਸਾ ਸਿੰਘ (ਸੇਵਕ) ਨੂੰ ਦਸ ਦੇਣਾ। ਅਗਲੀ ਵਾਰੀ ਜਦੋਂ ਏਥੇ ਆਈਏ ਤਾਂ ਗੁਰਦੁਆਰਾ ਬਦਲਿਆ ਹੋਇਆ ਨਜ਼ਰ ਆਵੇ। ਸਤਿਗੁਰੂ ਜੀ ਦੁਆਰਾ ਸਨਮਾਨਿਤ ਹੋਣ ਸਦਕਾ ਸਾਬਕਾ ਕਮੇਟੀ ਮੈਂਬਰ ਸਾਹਿਬਾਨਾ ਨੂੰ ਸਾਰੀ ਸਾਧ ਸੰਗਤ ਨੇ ਵਧਾਈਆਂ ਦਿੱਤੀਆਂ ਤੇ ਨਵੀਂ ਕਮੇਟੀ ਦੇ ਅਹੁਦੇਦਾਰਾਂ ਨੂੰ ਵੀ ਮੁਬਾਰਕਬਾਦ ਦਿੱਤੀ। ਆਈ ਹੋਈ ਸਾਧ ਸੰਗਤ ਨੂੰ ਲੰਗਰ ਛਕਾਇਆ ਗਿਆ।

ਵਾਰ ਤੋ ਉਪਰੰਤ ਸਤਿਗੁਰੂ ਜੀ ਨੇ ਸਵਰਗੀ ਸੰਤ ਅਮਰੀਕ ਸਿੰਘ ਜੀ ਦੇ ਪੋਤਰੇ ਜਸਪ੍ਰੀਤ ਸਿੰਘ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸਾਰੇ ਪਰਿਵਾਰ ਨੂੰ ਅੰਮ੍ਰਿਤ ਵੇਲੇ ਉੱਠ ਤੇ ਨਾਮ ਜਪਣ ਤੇ ਗੁਰਬਾਣੀ ਪੜ੍ਹਨ ਦਾ ਹੁਕਮ ਕੀਤਾ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਵਿਦਿਅਕ ਜਥੇ ਦੀ ਇਕੱਤਰਤਾ

**ਜੀਵਨ ਦਾ ਅਨੁਸ਼ਾਸਨ ਮਨੁੱਖਤਾ ਨੂੰ ਸੁਨਿਹਰੇ ਭਵਿੱਖ ਦੇ ਰਾਹ ਤੋਰ ਦਿੰਦਾ ਹੈ – ਜੱਥੇਦਾਰ ਨਿਸ਼ਾਨ ਸਿੰਘ ਦਿੱਲੀ**
**ਗੁਰਮਤਿ ਸਿਖਲਾਈ ਸਮਾਗਮ ਦੀਆਂ ਤਿਆਰੀਆਂ ਸ਼ੁਰੂ।**
**ਅਗਸਤ ਵਿੱਚ ਹੋ ਰਹੇ ਸਮਾਗਮ ਦਾ ਸਲੇਬਸ ਕੀਤਾ ਜਾਰੀ**

ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਉਦੇ ਸਿੰਘ ਜੀ ਦੀ ਅਗਵਾਈ ਹੇਠ ਵਿਸਵ ਨਾਮਧਾਰੀ ਵਿੱਦਿਅਕ ਜੱਥਾ ਦੇ ਸੇਵਾਦਾਰ ਜੱਥੇਦਾਰ ਨਿਸ਼ਾਨ ਸਿੰਘ ਅਤੇ ਡਾ. ਪੁਸ਼ਪਿੰਦਰ ਸਿੰਘ ਕੂਕਾ ਨਾਮਧਾਰੀ ਸੰਪਰਦਾ ਦੇ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਹੋ ਰਹੇ ਗੁਰਮਤਿ ਸਿਖਲਾਈ ਸਮਾਗਮਾਂ ਬਾਰੇ ਦੌਰਾ ਕਰਦੇ ਹੋਏ ਮਾਲਵੇ ਇਲਾਕੇ ਵਿਚ ਫਾਜ਼ਿਲਕਾ, ਮਲੋਟ, ਮਾਨਸਾ, ਮਾਈਸਰਖਾਨਾ, ਰਾਮਪੁਰਾ ਫੂਲ ਅਤੇ ਭਾਈਰੂਪਾ ਦੀ ਸੰਗਤ ਨਾਲ ਵਿਚਾਰ ਚਰਚਾ ਕਰਨ ਤੋਂ ਬਾਅਦ ਪਿੰਡ ਗੁਰੂ ਕਾ ਕੋਠਾ ਅਤੇ ਹਿੰਮਤਪੁਰਾ ਵਿੱਖੇ ਪਧਾਰੇ। ਉਹਨਾਂ ਨੌਜਵਾਨਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਅਗਸਤ ਮਹੀਨੇ ਵਿੱਚ ਮਾਲਵੇ ਵਿੱਚ ਹੋ ਰਹੇ ਗੁਰਮਤਿ ਸਿਖਲਾਈ ਸਮਾਗਮ ਦੀ ਜਾਣਕਾਰੀ ਦਿੱਤੀ। ਇਸ ਸਮੇਂ ਉਹਨਾਂ ਦੇ ਨਾਲ ਨਾਮਧਾਰੀ ਵਿੱਦਿਅਕ ਜੱਥਾ ਮਾਲਵਾ ਜ਼ੋਨ ਦੇ ਕਨਵੀਨਰ ਡਾ. ਲਖਵੀਰ ਸਿੰਘ, ਜਸਵਿੰਦਰ ਸਿੰਘ, ਮਨਪ੍ਰੀਤ ਸਿੰਘ, ਲੱਖਾ ਸਿੰਘ ਵੀ ਸਨ।

ਗੁਰਮਤਿ ਸਿਖਲਾਈ ਸਮਾਗਮ ਦੇ ਮਨੋਰਥ ਬਾਰੇ ਜਾਣਕਾਰੀ ਦਿੰਦਿਆਂ ਜੱਥੇਦਾਰ ਨਿਸ਼ਾਨ ਸਿੰਘ ਦਿੱਲੀ ਅਤੇ ਡਾ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਸਾਡੇ ਗੁਰਸਿੱਖ ਬੱਚੇ ਆਪਣੇ ਅਮੀਰ ਵਿਰਸੇ ਨਾਲ ਜੁੜਨ, ਆਪਣੀਆਂ ਮਾਣ ਮੱਤੀਆਂ ਪੁਸ਼ਤੈਨੀ ਜੜ੍ਹਾਂ ਤੇ ਮਾਣ ਕਰਨ, ਆਪਣੀ ਮਾਂ ਬੋਲੀ ਪੰਜਾਬੀ ਤੇ ਮਾਣ ਕਰਨ, ਗੁਰਬਾਣੀ ਅਤੇ ਗੁਰਮਤਿ ਦੇ ਰਾਹ ਤੇ ਚੱਲਦੇ ਹੋਏ ਗਿਆਨ, ਵਿਗਿਆਨ, ਪੜ੍ਹਾਈ, ਸਾਹਿਤ ਅਤੇ ਸਮਾਜ ਵਿੱਚ ਉੱਚੀਆਂ ਬੁਲੰਦੀਆਂ ਛੂਹਣ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਹਨਾਂ ਆਖਿਆ ਕਿ ਜੀਵਨ ਵਿਚ ਅਨੁਸ਼ਾਸਨ ਨਾਲ ਬੱਚੇ ਚੰਗੇਰੇ ਭਵਿੱਖ ਦੇ ਰਾਹੇ ਉੱਚੀਆਂ ਬੁਲੰਦੀਆਂ ਤੇ ਪਹੁੰਚ ਜਾਂਦੇ ਨੇ। ਜਿੱਥੇ ਗੁਰੂ ਕਾ ਕੋਠਾ ਵਿਖੇ ਇਕ਼ਬਾਲ ਸਿੰਘ ਕੋਠਾ ਗੁਰੂ ਅਤੇ ਇਲਾਕੇ ਦੀ ਸੰਗਤ ਨਾਲ ਵਿਚਾਰ ਵਟਾਂਦਰਾ ਹੋਇਆ ਅਤੇ ਨਾਮਧਾਰੀ ਗੁਰਦੁਆਰਾ ਵਿਖੇ ਨਿਸ਼ਾਨ ਸਾਹਿਬ ਚੜ੍ਹਾਇਆ ਗਿਆ ਉੱਥੇ ਡੇਰਾ ਸੰਤ ਕਰਮ ਸਿੰਘ ਦੇ ਮੌਜੂਦਾ ਮਹਾਂਪੁਰਸ਼ ਸੰਤ ਜਸਵੰਤ ਸਿੰਘ ਹਿੰਮਤਪੁਰਾ ਜੀ ਦੀ ਅਗਵਾਈ ਵਿੱਚ ਇਲਾਕੇ ਦੀ ਸੰਗਤ ਅਤੇ ਨੌਜਵਾਨਾਂ ਨਾਲ ਵਿਚਾਰ ਚਰਚਾ ਹੋਈ।

ਡਾ. ਲਖਵੀਰ ਸਿੰਘ ਰਾਮਪੁਰਾ ਫੂਲ ਵੱਲੋਂ ਦੱਸਿਆ ਗਿਆ ਕਿ ਅਗਸਤ ਮਹੀਨੇ ਵਿੱਚ ਹੋ ਰਹੇ ਗੁਰਮਤਿ ਸਿਖਲਾਈ ਸਮਾਗਮ ਵਿੱਚ ਜਿੱਥੇ ਗੁਰਮਤਿ ਜੀਵਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਉੱਥੇ ਸਿਖਿਆਰਥੀਆਂ ਨੂੰ ਉਮਰ ਅਨੁਸਾਰ ਤਿੰਨ ਵਰਗਾਂ ਵਿਚ ਵੰਡਕੇ ਗੁਰਬਾਣੀ ਕੰਠ, ਅਰਦਾਸ, ਰਹਿਤਨਾਮਾ, ਭਾਸ਼ਣ, ਦਸਤਾਰ, ਸਵਾਲ-ਜਵਾਬ, ਚਿੱਤਰਕਾਰੀ, ਲਿਖਤੀ ਇਤਿਹਾਸਿਕ ਪ੍ਰਤੀਯੋਗਤਾ, ਓਪਨ ਕੁਇਜ਼ ਮੁਕਾਬਲੇ ਵੀ ਕਰਵਾਏ ਜਾਣਗੇ ਅਤੇ ਸੰਗਤ ਦੀ ਮੰਗ ਤੇ ਨਾਮਧਾਰੀ ਸਿਲਾਈ ਕਟਾਈ ਬਾਰੇ ਵੀ ਵਰਕਸ਼ਾਪ ਲਗਾਈ ਜਾਵੇਗੀ। ਇਸ ਸਮੇਂ ਸੂਬਾ ਗੁਰਮੇਲ ਸਿੰਘ ਰਾਏਸਰ ਨੇ ਇਲਾਕੇ ਦੀ ਸੰਗਤ ਨੂੰ ਗੁਰਮਤਿ ਸਿਖਲਾਈ ਸਮਾਗਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸੂਬਾ ਸਮਿੰਦਰ ਸਿੰਘ ਸੈਦੋਕੇ,

ਸਰਪੰਚ ਸੌਣ ਸਿੰਘ ਗਹਿਲ, ਰਿੰਕੂ ਜੀ ਰਾਏਸਰ, ਤਰਨ ਸਿੰਘ ਭਦੌੜ ਤੋਂ ਇਲਾਵਾ ਖੋਟੇ, ਤਖਤੂਪੁਰਾ, ਧੂਰਕੋਟ, ਅਲਕੜੇ ਅਤੇ ਮਧੇਕੇ ਪਿੰਡ ਤੋਂ ਵੀ ਮੋਹਤਬਰ ਸੱਜਣ ਹਾਜਰ ਸਨ। ਸੰਤ ਜਸਵੰਤ ਸਿੰਘ ਜੀ ਵੱਲੋਂ ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।

**ਡਾ. ਲਖਵੀਰ ਸਿੰਘ ਰਾਮਪੁਰਾ ਫੂਲ**

.........................................................

## ਪਾਠ ਬੋਧ ਸਮਾਗਮ ਪਿੰਡ ਸਮਰਾਏ

ਪਿਛਲੇ ਦਿਨੀਂ ਪਿੰਡ ਸਮਰਾਏ ਜ਼ਿਲ੍ਹਾ ਜਲੰਧਰ ਵਿੱਚ ਉਦਾਸੀਨ ਸੰਤ ਧਿਆਨ ਦਾਸ ਜੀ ਦੇ ਡੇਰੇ ਵਿੱਚ ਗਿਆਨੀ ਜਸਵੀਰ ਸਿੰਘ ਕੁਹਾਲੀ ਦੇ ਸਹਿਯੋਗ ਨਾਲ ਨਿਰਮਲ ਪੰਥ ਦੇ ਸਾਧੂਆਂ ਨੇ ਇਕ ਪਾਠ ਬੋਧ ਸਮਾਗਮ ਕੀਤਾ। ਇਸ ਸਮਾਗਮ ਵਿੱਚ 120 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਜਿਨ੍ਹਾਂ ਨੂੰ ਨਿਤਨੇਮ ਬਾਣੀਆਂ ਸ਼ੁੱਧ ਪੜ੍ਹਣ ਦੀ ਸਿਖਿਆ ਦਿੱਤੀ ਗਈ। ਇਸ ਸਮਾਗਮ ਦੇ ਭੋਗ ਸਮੇਂ ਨਿਰਮਲ ਪੰਥ ਭੂਸ਼ਨ ਮਹੰਤ ਗਿਆਨ ਦੇਵ ਸਿੰਘ ਜੀ ਪੰਚਾਇਤੀ ਅਖਾੜਾ ਵਿਸ਼ੇਸ਼ ਕਰਕੇ ਪੁੱਜੇ।

ਨਾਮਧਾਰੀ ਪੰਥ ਵਲੋਂ ਸੰਤ ਨਿਸ਼ਾਨ ਸਿੰਘ, ਗੁਰਲਾਲ ਸਿੰਘ, ਗੁਰਭਗਤ ਸਿੰਘ ਨੇ ਸ਼ਿਰਕਤ ਕੀਤੀ। ਭੋਗ ਸਮਾਗਮ 'ਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ। ਸਭ ਤੋਂ ਪਹਿਲਾਂ ਸੰਤ ਦਰਸ਼ਨ ਸਿੰਘ ਸ਼ਾਸਤਰੀ ਨੇ ਇਸ ਸਮਾਗਮ ਦੀ ਸੰਪੂਰਨਤਾ ਲਈ ਸਭ ਨੂੰ ਵਧਾਈ ਦਿੱਤੀ ਅਤੇ ਨਿਰਮਲ ਪੰਥ ਦੇ ਕਾਰਜਾਂ ਬਾਰੇ ਦੱਸਿਆ।

ਉਪਰੰਤ ਜਸਵਿੰਦਰ ਸਿੰਘ ਕੁਠਾਰੀ ਜੀ ਨੇ ਕਥਾ ਕਰਦਿਆਂ ਮਨ ਦੀ ਹਾਲਤ ਅਤੇ ਇਸ ਨੂੰ ਲੱਗੇ ਰੋਗਾਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਸੰਤ ਨਿਸ਼ਾਨ ਸਿੰਘ ਜੀ ਨੇ ਨਿਰਮਲ ਅਤੇ ਉਦਾਸੀ ਸੰਪਰਦਾਵਾਂ ਦੀ ਸਿਖ ਪੰਥ ਵਿੱਚ ਥਾਂ ਅਤੇ ਵਿਸ਼ੇਸ਼ਤਾ ਬਾਰੇ ਜ਼ਿਕਰ ਕੀਤਾ। ਸੰਤ ਗਿਆਨ ਦੇਵ ਜੀ ਨੇ ਵੀ ਗੁਰਬਾਣੀ ਅਤੇ ਨਿਰਮਲ ਪੰਥ ਦੇ ਕਾਰਜਾਂ ਦੀ ਗੱਲ ਕੀਤੀ। ਇਸ ਸਮਾਗਮ ਵਿੱਚ ਸਮਰਾਏ ਨਗਰ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ ਅਤੇ ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮ ਵੰਡੇ ਗਏ।

**ਸੰਪਾਦਕ**

.........................................................

## ਥਾਈਲੈਂਡ ਗੁਰਦੁਆਰੇ ਦੀ ਨਵੀਂ ਕਮੇਟੀ ਦਾ ਗਠਨ

ਸੋਇ ਅਸੋਕ ਗੁਰਦੁਆਰੇ ਦੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਵਿੱਚ ਪ੍ਰਧਾਨ ਅਰਵਿੰਦਰ ਸਿੰਘ ਕੋਮਲ, ਮੀਤ ਪ੍ਰਧਾਨ ਜੋਗਿੰਦਰਪਾਲ ਸਿੰਘ ਪੰਡਿਤ (ਅਮੋਰਨ) ਅਤੇ ਗੁਰਦੇਵ ਸਿੰਘ ਚਾਵਲਾ, ਸੈਕਟਰੀ ਅਰਜਨ ਸਿੰਘ ਮਲਹੋਤਰਾ ਅਤੇ ਗੁਰਦੇਵ ਸਿੰਘ ਕਨੀਜੋਂ ਅਤੇ ਹੋਰ ਮੈਂਬਰ ਇਸ ਤਰ੍ਹਾਂ ਹਨ–

1. ਮੰਗਲ ਸਿੰਘ ਗੰਭੀਰ
2. ਮਾਨ ਸਿੰਘ ਨਰੂਲਾ
3. ਰਾਜਕਿਰਨ ਸਿੰਘ ਕੁਕਰੇਜਾ
4. ਸੁਖਬੀਰ ਰਾਜਪਾਲ ਸਿੰਘ
5. ਨਾਨਕ ਸਿੰਘ ਖੀਵਾ
6. ਹਰਮਿੰਦਰ ਸਿੰਘ ਸਚਦੇਵ
7. ਬਚਿੱਤਰ ਸਿੰਘ ਕਾਲਰਾ
8. ਗੁਰਦਿਆਲ ਸਿੰਘ ਅਹੂਜਾ
9. ਆਸਾ ਸਿੰਘ ਪੰਡਤ
10. ਬੇਅੰਤ ਕੌਰ ਸਚਦੇਵ (ਲਕਸ਼ਮੀ)

**ਸੰਪਾਦਕ**

.........................................................

## Matrimonial

**Namdhari Singh**
Born 1993
Height 6 feet
from New Delhi
Qualification mechanical engineering from
Rayat and bhari university.
Business man runs a construction company.
Call 9891090922

.........................................................

# ਸ੍ਰੀ ਸਤਿਗੁਰੂ ਜੀ ਨਾਲ ਦਿੱਲੀ ਦੇ ਨੌਜਵਾਨਾਂ ਦੀ ਯਾਦਗਾਰੀ ਤਸਵੀਰ








Date of Publication: 6 July 2024
Date of Posting: 8 July 2024

RNI NO.55658/93
LDM/008/2021-2023

## ਸ੍ਰੀ ਸਤਿਗੁਰੂ ਜੀ ਨੇ ਦਿੱਲੀ ਦੀ ਸਾਧ ਸੰਗਤ ਨੂੰ ਦਰਸ਼ਨ ਦਿਤੇ
## ਇਸ ਸਮੇਂ ਪੰਜ ਪਾਠਾਂ ਦੇ ਭੋਗ ਪਾਏ ਗਏ। 19 – 20 ਜੂਨ 2024





Photography: S. Gurmukh Singh (Delhi)

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.